# ਅਧਿਆਇ 2

# ਸਿੱਖਿਆ

## ਮਸੀਹ ਦੀ ਦੂਸਰੀ ਆਮਦ (2:1-12)

### ਉਸ ਦੀ ਦੂਸਰੀ ਆਮਦ ਹੁਣ ਤੱਕ ਨਹੀਂ ਹੋਈ ਹੈ (2:1, 2)

**[1]ਹੁਣ ਹੇ ਭਰਾਵੋ, ਸਾਡੇ ਪ੍ਰਭੁ ਯਿਸੂ ਮਸੀਹ ਦੇ ਆਉਣ ਅਤੇ ਸਾਡੇ ਕੋਲ ਇਕੱਠਿਆਂ ਹੋਣ ਦੇ ਵਿਖੇ ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ। [2]ਭਈ ਤੁਸੀਂ ਕਿਸੇ ਰੂਹ ਯਾ ਬਾਣੀ ਯਾ ਸਾਡੇ ਨਾਉਂ ਦੀ ਜਾਹਲੀ ਪੱਤ੍ਰੀ ਤੋਂ ਆਪਣੇ ਮਨੋਂ ਛੇਤੀ ਨਾ ਡੋਲੋ, ਨਾ ਘਾਬਰ ਜਾਓ ਭਈ ਮਾਨੋ ਪ੍ਰਭੁ ਦਾ ਦਿਨ ਆਣ ਪੁੱਜਿਆ ਹੈ!**

**ਆਇਤ 1.** ਇੱਕ ਵਾਰ ਫਿਰ ਤੋਂ, ਪੌਲੁਸ ਨੇ ਪਿਆਰ ਭਰੇ ਸ਼ਬਦ **ਹੇ ਭਰਾਵੋ** ਦੇ ਨਾਲ ਇੱਕ ਨਵਾਂ ਪੈਰਾ ਸ਼ੁਰੂ ਕੀਤਾ। **ਸਾਡੇ ਪ੍ਰਭੁ ਯਿਸੂ ਮਸੀਹ ਦੇ ਆਉਣ** ਦੀ ਗੱਲ ਜ਼ਾਹਿਰ ਹੈ ਜਿਸ ਨੂੰ ਅਸੀਂ ਆਮ ਤੌਰ ਤੇ "ਦੂਸਰੀ ਆਮਦ" ਕਹਿੰਦੇ ਹਾਂ। ਇਹ ਉਹ ਹੈ ਜੋ ਪੌਲੁਸ ਕਹਿੰਦਾ ਹੈ "ਪ੍ਰਭੁ ਦੇ ਆਉਣ" (1 ਥੱਸਲੁਨੀਕੀਆਂ 4:15) ਅਤੇ "ਪ੍ਰਭੁ ਦਾ ਦਿਨ" (1 ਥੱਸਲੁਨੀਕੀਆਂ 5:2; ਤੁਲਨਾ ਕਰੋ 2 ਥੱਸਲੁਨੀਕੀਆਂ 1:10)। ਪੌਲੁਸ 1 ਥੱਸਲੁਨੀਕੀਆਂ 5:23 ਵਿੱਚ ਵਾਕ "ਸਾਡੇ ਪ੍ਰਭੁ ਯਿਸੂ ਮਸੀਹ" ਨੂੰ ਵੀ ਵਰਤਿਆ ਹੈ।

ਇਸ ਪੱਤ੍ਰੀ ਵਿੱਚ, ਪੌਲੁਸ ਨੇ ਪਹਿਲਾਂ ਤੋਂ ਹੀ ਭਵਿੱਖ ਦੇ ਸਮੇਂ ਦੀ ਗੱਲ ਕੀਤੀ ਸੀ ਜਦੋਂ ਪ੍ਰਭੂ ਸਵਰਗ ਤੋਂ ਪਰਗਟ ਹੋਵੇਗਾ (1:7); ਉਸ ਨੇ ਕਿਹਾ ਕਿ ਇਹ ਗਣਨਾ ਦਾ ਇੱਕ ਮਹਾਨ ਦਿਨ ਹੋਵੇਗਾ ਜਦੋਂ ਪ੍ਰਭੂ ਕੁਝ ਲੋਕਾਂ ਨੂੰ "ਸਜ਼ਾ" ਦੇਵੇਗਾ ਅਤੇ ਬਾਕੀਆਂ ਨੂੰ "ਮਹਿਮਾ" ਦੇਵੇਗਾ (1:8–10)। ਆਇਤ 1 ਵਿੱਚ, ਪੌਲੁਸ ਨੇ ਕਿਹਾ ਕਿ ਉਸ ਪਲ ਵਿੱਚ, ਉਹ, ਥੱਸਲੁਨੀਕੇ ਦੇ ਲੋਕ ਅਤੇ ਹੋਰ ਵਿਸ਼ਵਾਸਯੋਗ ਲੋਕ **ਉਸ ਕੋਲ ਇਕੱਠਿਆਂ ਹੋਣ** [ਹੋਏ]। "ਇਕੱਠਿਆਂ ਹੋਣ" ἐπισυναγωγή (*ਏਪੀਸੁਨਾਗੋਗ*) ਤੋਂ ਹੈ।[1] ਯਿਸੂ ਨੇ ਕਿਹਾ ਕਿ ਉਸ ਦੇ "ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰਨਗੇ" (ਮੱਤੀ 24:31)। ਉਹ ਜਿਨ੍ਹਾਂ ਵਿੱਚ ਮਸੀਹ "ਮਹਿਮਾ ਪਾਵੇਗਾ" ਫਿਰ "ਸਦਾ ਪ੍ਰਭੁ ਦੇ ਸੰਗ" ਰਹਿਣਗੇ (1 ਥੱਸਲੁਨੀਕੀਆਂ 4:17)। ਵਫ਼ਾਦਾਰ "ਉਸ ਦੇ ਕੋਲ" ਇਕੱਠੇ ਹੋਣਗੇ।

**ਆਇਤ 2.** ਪ੍ਰਭੂ ਦੀ ਉਸ ਆਮਦ ਦੇ ਵਿਸ਼ੇ ਵਿੱਚ, ਪੌਲੁਸ ਨੂੰ ਥੱਸਲੁਨੀਕੇ ਦੇ ਮਸੀਹੀਆਂ ਦੇ ਵਿਸ਼ੇ ਵਿੱਚ ਚਿੰਤਾ ਸੀ ਕਿ **ਛੇਤੀ ਨਾ ਡੋਲੋ** ("ਮਨੋਂ ਛੇਤੀ ਨਾ ਡੋਲੋ"; RSV) ਜਾਂ **ਘਾਬਰ ਜਾਓ** ("ਉਤੇਜਿਤ ਹੋ ਜਾਣਾ"; RSV) ਇਸ ਵਿਸ਼ੇ ਤੇ ਕੁਝ ਨਿਰਾਧਾਰ, ਝੂਠੀਆਂ ਸਿੱਖਿਆਵਾਂ ਦੇ ਕਾਰਣ। ਉਹ ਚਾਹੁੰਦਾ ਸੀ ਕਿ ਆਸਾਨੀ ਦੇ ਨਾਲ ਘਾਬਰ ਜਾਣ ਦੀ ਬਜਾਏ ਉਹ "ਆਪਣੇ ਮਨ ਕੱਟੜ ਧਾਰਨਾਵਾਂ ਦੇ ਵਿਚਕਾਰ ਰੱਖਣ।"[2]

"ਡੋਲੋ" ਯੂਨਾਨੀ ਸ਼ਬਦ σαλεύω (*ਸੈਲਿਯੂਓ*) ਤੋਂ ਆਇਆ ਹੈ। ਨਵੇਂ ਨੇਮ ਵਿੱਚ, *ਸੈਲਿਯੂਓ* ਦਾ ਸਧਾਰਣ ਅਰਥ "ਅੰਦੋਲਨ" ਜਾਂ ਉਤਸ਼ਾਹਿਤ ਕਰਨਾ ਹੈ (ਤੁਲਨਾ ਕਰੋ ਲੂਕਾ 6:38; ਰਸੂਲਾਂ ਦੇ ਕਰਤੱਬ 17:13) ਅਤੇ ਤੁਫ਼ਾਨ ਵਿੱਚ ਲਹਿਰਾਂ ਦੀ ਹਲਚਲ ਦੇ ਵਿਚਾਰ ਤੋਂ ਆਉਂਦਾ ਹੈ। ਜਦਕਿ, ਯੂਨਾਨੀ ਸਾਹਿਤ ਵਿੱਚ, "ਇਸਦਾ ਅਰਥ 'ਦੂਰ ਹਟ ਜਾਣ ਦੇ ਲਈ,' ਤੋਂ ਆਉਂਦਾ ਹੈ ਜਿਵੇਂ ਇੱਕ ਜ਼ਹਾਜ ਆਪਣੇ ਲੰਗਰ ਤੋਂ ਤੂਫ਼ਾਨ ਦੇ ਵਿੱਚ ਚਲਾ ਜਾਂਦਾ ਹੈ; ਅਤੇ ਜਾਹਿਰ ਤੌਰ ਤੇ ਬਾਅਦ ਵਿੱਚ ਇਸ ਦਾ ਇੱਥੇ ਅਤੇ ਰਸੂਲਾਂ ਦੇ ਕਰਤੱਬ 2.25 ਇਸ ਦਾ ਅਰਥ ਹੋਰ ਵੀ ਹੈ।"[3] ਮਸੀਹੀ ਨੂੰ ਸਥਿਰਤਾ ਵਿੱਚ ਜਿੱਥੇ ਉਹ ਹੈ ਉਸ ਤੋਂ ਅੱਗੇ ਵੱਧਣਾ ਚਾਹੀਦਾ ਹੈ (ਵੇਖੋ ਅਫ਼ਸੀਆਂ 4:14)।

ਕਿੰਨਾ ਸਰੋਤਾਂ ਤੋਂ ਇਹ ਸ਼ਬਦ ਅੰਦੇਲਨ ਆ ਰਿਹਾ ਸੀ? ਪੌਲੁਸ ਨੇ ਕਿਹਾ, ਇੱਕ ਸਰੋਤ, **ਰੂਹ** ਸੀ, ਜਾਂ ਅਸਲ ਵਿੱਚ "ਆਤਮਾ ਦੇ ਦੁਆਰਾ" (KJV; RSV)। ਸ਼ਾਇਦ ਉਹ ਥੱਸਲੁਨੀਕੇ ਦੇ ਝੂਠੇ ਨਬੀਆਂ ਦੇ ਬਾਰੇ ਕਹਿ ਰਿਹਾ ਸੀ, ਜਿਨ੍ਹਾਂ ਦਾ ਉਸ ਨੇ ਆਪਣੀ ਪਹਿਲੀ ਪੱਤ੍ਰੀ ਵਿੱਚ ਹਵਾਲਾ ਦਿੱਤਾ ਸੀ (1 ਥੱਸਲੁਨੀਕੀਆਂ 5:19–22)। ਸ਼ਾਇਦ ਝੂਠੇ ਨਬੀਆਂ ਨੇ ਕਿਹਾ ਸੀ ਕਿ ਉਨ੍ਹਾਂ ਦੇ ਕੋਲ ਝੂਠੇ ਪ੍ਰਕਾਸ਼ਨ ਦੀ ਪੁਸ਼ਟੀ ਕਰਨ ਦੇ ਲਈ ਝੂਠੇ ਸਿਧਾਂਤ ਹਨ ਜਿਨ੍ਹਾਂ ਦਾ ਉਹ ਪ੍ਰਚਾਰ ਕਰਨਾ ਚਾਹੁੰਦੇ ਸਨ।

ਦੂਸਰਾ ਸਰੋਤ ਜਿਸ ਦੇ ਦੁਆਰਾ ਪ੍ਰਸ਼ਨ ਵਿਚਲੀ ਝੂਠੀ ਸਿੱਖਿਆ ਆ ਰਹੀ ਸੀ **ਬਾਣੀ**, ਜਾਂ "ਵਚਨ" (KJV; RSV) ਸੀ। ਇਹ ਲਗਭਗ ਨਿਸ਼ਚਤ ਰੂਪ ਵਿੱਚ ਇੱਕ ਮੌਖਿਕ ਸਿੱਖਿਆ ਦਾ ਉਲੇਖ ਕਰਦਾ ਹੈ ਜਿਵੇਂ ਇੱਕ ਸੰਦੇਸ਼ ਜਾਂ ਵਿਅਕਤੀਗਤ ਗੱਲਬਾਤ ਦਾ। ਵਾਕ **ਸਾਡੇ ਨਾਉਂ ਦੀ** ਇਹ ਵੀ "ਸੰਦੇਸ਼" ਨੂੰ ਸੰਬੋਧਤ ਕਰ ਸਕਦੇ ਹਨ। ਜੇਕਰ ਅਜਿਹਾ ਹੈ, ਤਾਂ ਇਹ ਸੰਭਵ ਹੈ ਕਿ ਉਨ੍ਹਾਂ ਵਿੱਚੋਂ ਕੁਝ ਲੋਕ ਜੋ ਇਸ ਸਿੱਖਿਆ ਦੀ ਵਕਾਲਤ ਕਰ ਰਹੇ ਸਨ ਉਹ ਕਹਿ ਰਹੇ ਸਨ ਕਿ ਉਨ੍ਹਾਂ ਨੇ ਉਸ ਸਮੇਂ ਜਦੋਂ ਉਹ ਥੱਸਲੁਨੀਕੇ ਵਿੱਚ ਸੀ ਵਿਅਕਤੀਗਤ ਤੌਰ ਤੇ ਪੌਲੁਸ ਦੇ ਨਾਲ ਇਸ ਮਾਮਲੇ ਬਾਰੇ ਗੱਲ ਕੀਤੀ ਸੀ ਅਤੇ ਉਸ ਨੇ ਪ੍ਰਸ਼ਨ ਦੇ ਵਿੱਚ ਇਸ ਦੀ ਪੁਸ਼ਟੀ ਕੀਤੀ ਸੀ।

ਝੂਠੀ ਸਿੱਖਿਆ ਦਾ ਤੀਸਰਾ ਸਰੋਤ **ਪੱਤ੍ਰੀ** ਸੀ "ਜਿਵੇਂ ਇਹ ਪੌਲੁਸ ਵੱਲੋਂ ਹੋਵੇ।" ਕੁਝ ਟਿੱਪਣੀਕਾਰਾਂ ਦੇ ਵਿਸ਼ਵਾਸ ਹੈ ਕਿ ਇਹ 1 ਥੱਸਲੁਨੀਕੀਆਂ ਦਾ ਇੱਕ ਹਵਾਲਾ ਹੈ, ਜਿਸ ਨੂੰ ਝੂਠੇ ਸਿੱਖਿਅਕਾਂ ਨੇ ਗਲਤ ਸਮਝਿਆ ਅਤੇ ਉਸ ਦਾ ਗਲਤ ਉਪਯੋਗ ਕੀਤਾ ਸੀ। ਪਰ, ਜੋ ਭਾਸ਼ਾ ਪੌਲੁਸ ਨੇ ਇਸਤੇਮਾਲ ਕੀਤੀ ਉਹ ਇਸ ਨੂੰ ਅਲੱਗ ਕਰਦੀ ਜਾਪਦੀ ਹੈ। ਜਿਸ ਵੀ ਪੱਤ੍ਰੀ ਦੀ ਗੱਲ ਕੀਤੀ ਗਈ ਹੈ ਉਹ ਅਸਲ ਵਿੱਚ ਉਸ ਦੀ ਨਹੀਂ ਸੀ। ਇਸ ਲਈ, ਇਸ ਗੱਲ ਦੀ ਹੋਰ ਵੀ ਸੰਭਾਵਨਾ ਹੈ ਕਿ ਕੁਝ ਝੂਠੇ ਸਿੱਖਿਅਕਾਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਇੱਕ ਨਿਜੀ ਪੱਤ੍ਰੀ ਪ੍ਰਾਪਤ ਕੀਤੀ ਸੀ, ਜੋ, ਉਨ੍ਹਾਂ ਦੇ ਅਨੁਸਾਰ ਪੌਲੁਸ ਦੇ ਵੱਲੋਂ ਸੀ। ਪੌਲੁਸ ਨੇ ਇਨਕਾਰ ਕੀਤਾ ਹੈ ਕਿ ਉਸ ਦਾ ਇਸ ਸਿਧਾਂਤ ਦੇ ਨਾਲ ਕੋਈ ਸੰਬੰਧ ਨਹੀਂ ਹੈ।

ਕਿਹੜੇ ਝੂਠੇ ਸਿਧਾਂਤ ਦਾ ਪ੍ਰਸ਼ਨ ਸੀ? ਇਹ ਜ਼ਰੂਰ ਇਹ ਕਹਿਣਾ ਹੋ ਸਕਦਾ ਹੈ **ਭਈ ਮਾਨੋ ਪ੍ਰਭੁ ਦਾ ਦਿਨ ਆਣ ਪੁੱਜਿਆ ਹੈ**। KJV ਅਨੁਵਾਦ ਕਹਿੰਦਾ ਹੈ, "ਕਿ ਮਸੀਹ ਦਾ ਦਿਨ ਨੇੜੇ ਆ ਗਿਆ ਹੈ," ਪਰ NIV, RSV, NASB ਅਤੇ ਹੋਰ ਦੂਸਰੇ ਲਗਭਗ ਨਿਸ਼ਚਤ ਤੌਰ ਤੇ ਸਹੀ ਅਨੁਵਾਦ ਕਰ ਰਹੇ ਹਨ "ਆ ਗਿਆ ਹੈ।" ਇਸ ਦੀ ਪੁਸ਼ਟੀ ਕਰਨ ਦੇ ਕਈ ਕਾਰਣ ਹਨ।

ਪਹਿਲਾ, ਨਵੇਂ ਨੇਮ ਦੀਆਂ ਹੋਰਨਾਂ ਘਟਨਾਵਾਂ ਵਿੱਚ,ਯੂਨਾਨੀ ਸ਼ਬਦ ἐνίστημι (*ਏਨੀਸਟੇਮੀ*) ਦਾ ਅਨੁਵਾਦ ਪਹਿਲਾਂ ਤੋਂ ਹੀ ਮੌਜੂਦ ਦੇ ਅਰਥ ਨਾਲ ਕੀਤਾ ਗਿਆ ਹੈ (ਰੋਮੀਆਂ 8:38; 1 ਕੁਰਿੰਥੀਆਂ 3:22; 7:26; ਗਲਾਤੀਆਂ 1:4; 2 ਤਿਮੋਥਿਉਸ 3:1; ਇਬਰਾਨੀਆਂ

9:9)। ਅਗਲਾ, ਪ੍ਰੇਰਿਤ ਲੇਖਕਾਂ ਨੇ ਇਸ ਗੱਲ ਦਾ ਇਨਕਾਰ ਕਰਨ ਦੀ ਬਜਾਏ ਕਿ ਪੁਸ਼ਟੀ ਕੀਤੀ ਕਿ ਮਸੀਹ ਦਾ ਆਉਣਾ "ਨੇੜੇ" ਹੈ (ਫ਼ਿਲਿੱਪੀਆਂ 4:5; ਯਾਕੂਬ 5:8)।[4] ਇਸ ਲਈ, ਇਹ ਕਹਿਣਾ ਕਿ ਇਹ "ਨੇੜੇ" ਹੈ "ਗਲਤ" ਸਿਧਾਂਤ ਦਾ ਗਠਨ ਨਹੀਂ ਹੋਵੇਗਾ। ਤੀਸਰਾ, ਇਸ ਸਿਖਾਉਣ ਦਾ ਝੂਠਾ ਸਿਧਾਂਤ ਕਿ ਪੁਨਰ ਉੱਥਾਨ-ਜੋ ਕਿ ਦੂਸਰੀ ਆਮਦ ਦਾ ਇੱਕ ਜ਼ਰੂਰੀ ਹਿੱਸਾ ਹੈ-ਪਵਿੱਤਰ ਸ਼ਾਸਤਰ ਵਿੱਚ ਕਿਸੇ ਹੋਰ ਸਥਾਨ ਤੇ ਉਲੇਖ ਕੀਤਾ ਗਿਆ ਹੈ ਕਿ ਪਹਿਲਾਂ ਤੋਂ ਹੀ ਹੋ ਚੁੱਕਾ ਹੈ। ਉਦਾਹਰਣ ਦੇ ਤੌਰ ਤੇ, 2 ਤਿਮੋਥਿਉਸ 2:17, 18 ਵਿੱਚ, ਕਿਹਾ ਜਾਂਦਾ ਹੈ ਕਿ ਹੁਮੀਨਾਯੁਸ ਅਤੇ ਫ਼ਿਲੇਤੁਸ ਨੇ ਇਹ ਸਿਖਾਇਆ ਸੀ।

ਇਨ੍ਹਾਂ ਝੂਠੇ ਸਿੱਖਿਅਕਾਂ ਨੇ ਆਪਣੇ ਸਿਧਾਂਤਾਂ ਦਾ ਵਿਕਾਸ ਠੀਕ ਕਿਸ ਪ੍ਰਕਾਰ ਕੀਤਾ ਸੀ ਉਹ ਸਮਝਾਇਆ ਨਹੀਂ ਗਿਆ ਹੈ। ਕੁਝ ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਸਿਖਾਇਆ ਸੀ ਕਿ ਮਸੀਹੀਆਂ ਦੇ ਲਈ ਪੁਨਰ-ਉੱਥਾਨ ਇੱਕ ਰੂਪਕ ਸੀ, ਜੋ ਕਿ ਆਤਮਿਕ ਤੌਰ ਤੇ ਬਪਤਿਸਮੇ ਦੇ ਸਮੇਂ ਤੇ ਹੁੰਦਾ ਹੈ। ਫਿਰ ਉਨ੍ਹਾਂ ਨੇ ਸਿੱਟਾ ਕੱਢਿਆ ਕਿ ਪੁਨਰ-ਉੱਥਾਨ ਪਹਿਲਾਂ ਤੋਂ ਹੀ ਹੋ ਚੁੱਕਾ ਹੈ। ਇਹ ਸੰਭਾਵਨਾ ਹੈ ਕਿ ਉਨ੍ਹਾਂ ਨੇ ਸਿਖਾਇਆ ਸੀ ਕਿ ਮਨ ਪਰਿਵਰਤਨ ਦੇ ਸਮੇਂ ਪ੍ਰਭੂ ਸਾਡੇ ਵਿੱਚੋਂ ਹਰੇਕ ਦੇ ਕੋਲ ਵਿਅਕਤੀਗਤ ਤੌਰ ਤੇ "ਆਉਂਦਾ" ਹੈ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਉਮੀਦ ਕੀਤੀ ਸੀ ਕਿ ਸਾਡੇ ਪ੍ਰਭੂ ਦਾ ਵਿਆਪਕ ਤੌਰ ਤੇ ਕੋਈ "ਆਉਣਾ" ਨਹੀਂ ਹੋਵੇਗਾ ਜਿਵੇਂ ਪਵਿੱਤਰ ਸ਼ਾਸਤਰ ਨੇ ਇੱਥੇ ਅਤੇ ਹੋਰਨਾਂ ਬੰਦਾਂ ਵਿੱਚ ਵਰਣਨ ਕੀਤਾ ਹੈ (ਵੇਖੋ ਪਰਕਾਸ਼ ਦੀ ਪੋਥੀ 1:7)।

ਸਿਧਾਂਤ ਦੀ ਭਾਵੇਂ ਕੋਈ ਵੀ ਸਹੀ ਪ੍ਰਕ੍ਰਿਤੀ ਕਿਉਂ ਨਾ ਹੋਵੇ, ਪੌਲੁਸ ਨਹੀਂ ਚਾਹੁੰਦਾ ਸੀ ਕਿ ਇਨ੍ਹਾਂ ਮਸੀਹੀਆਂ ਦੇ ਉੱਤੇ ਉਸ ਦਾ ਕੋਈ ਵੀ ਪ੍ਰਭਾਵ ਪਵੇ ਜਾਂ ਕੋਈ ਇਸ ਦੇ ਦੁਆਰਾ ਅਸਥਿਰ ਹੋ ਜਾਵੇ ਕਿਉਂਕਿ ਇਹ ਇੱਕ ਸਪੱਸ਼ਟ ਝੂਠਾ ਸਿਧਾਂਤ ਸੀ।

### ਉਸ ਦੇ ਆਉਣ ਤੋਂ ਪਹਿਲਾਂ ਹੋਣ ਵਾਲੀਆਂ ਘਟਨਾਵਾਂ (2:3-12)

**3ਕੋਈ ਤੁਹਾਨੂੰ ਕਿਸੇ ਤਰਾਂ ਨਾ ਭਰਮਾਵੇ ਕਿਉਂ ਜੋ ਉਹ ਦਿਨ ਨਹੀਂ ਆਵੇਗਾ ਜਿੰਨਾ ਚਿਰ ਪਹਿਲਾਂ ਧਰਮ ਤਿਆਗ ਨਾ ਹੋ ਲਵੇ ਅਤੇ ਉਹ ਕੁਧਰਮ ਦਾ ਪੁਰਖ ਅਰਥਾਤ ਵਿਨਾਸ ਦਾ ਪੁੱਤ੍ਰ ਪਰਗਟ ਨਾ ਹੋ ਜਾਵੇ। 4ਜੋ ਵਿਰੋਧੀ ਹੈ ਅਤੇ ਹਰ ਇੱਕ ਉੱਤੇ ਜਿਹੜਾ ਦੇਵ ਅਖਵਾਉਂਦਾ ਯਾ ਪੂਜਿਆ ਜਾਂਦਾ ਹੈ ਅਤੇ ਆਪਣੇ ਆਪ ਨੂੰ ਉੱਚਿਆਂ ਕਰਦਾ ਹੈ ਐਥੋਂ ਤੀਕ ਜੋ ਉਹ ਪਰਮੇਸ਼ੁਰ ਦੀ ਹੈਕਲ ਵਿੱਚ ਬਹਿੰਦਾ ਹੈ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਕਰਕੇ ਵਿਖਾਉਂਦਾ ਹੈ! 5ਕੀ ਤੁਹਾਨੂੰ ਚੇਤੇ ਨਹੀਂ ਭਈ ਤੁਹਾਡੇ ਕੋਲ ਹੁੰਦਿਆਂ ਮੈਂ ਤੁਹਾਨੂੰ ਏਹ ਗੱਲਾਂ ਆਖੀਆਂ? 6ਹੁਣ ਤੁਸੀਂ ਉਸ ਨੂੰ ਜਾਣਦੇ ਹੋ ਜੋ ਡੱਕੀ ਬੈਠਾ ਹੈ ਭਈ ਉਹ ਆਪਣੇ ਸਮੇਂ ਸਿਰ ਪਰਗਟ ਹੋਵੇ। 7ਕੁਧਰਮ ਦੀ ਭੇਤ ਹੁਣ ਵੀ ਤਾਂ ਅਸਰ ਕਰੀ ਜਾਂਦੀ ਹੈ ਪਰ ਜਦ ਤਾਈਂ ਉਹ ਵਿੱਚੋਂ ਹਟ ਨਾ ਜਾਵੇ ਇੱਕ ਡੱਕਣ ਵਾਲਾ ਹੈ। 8ਤਦ ਉਹ ਕੁਧਰਮੀ ਪਰਗਟ ਹੋਵੇਗਾ ਜਿਹ ਨੂੰ ਪ੍ਰਭੁ ਯਿਸੂ ਆਪਣੇ ਮੁਖ ਦੇ ਸਾਹ ਨਾਲ ਦਗਧ ਕਰੇਗਾ ਅਤੇ ਆਪਣੇ ਆਉਣ ਦੇ ਪਰਕਾਸ਼ ਨਾਲ ਨਾਸ ਕਰੇਗਾ। 9ਉਸ ਕੁਧਰਮੀ ਦਾ ਆਉਣਾ ਸ਼ਤਾਨ ਦੇ ਅਮਲ ਅਨੁਸਾਰ ਹਰ ਪਰਕਾਰ ਦੀ ਸ਼ਕਤੀ, ਝੂਠੀਆਂ ਨਿਸ਼ਾਨੀਆਂ ਅਤੇ ਅਚਰਜਾਂ ਨਾਲ ਹੋਵੇਗਾ, 10ਨਾਲੇ ਓਹਨਾਂ ਲਈ ਜਿਹੜੇ ਨਾਸ ਹੋ ਰਹੇ ਹਨ ਕੁਧਰਮ ਦੇ ਹਰ ਪਰਕਾਰ ਦੇ ਛਲ ਨਾਲ, ਇਸ ਕਾਰਨ ਜੋ ਓਹਨਾਂ ਨੇ ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਓਹਨਾਂ ਦੀ ਮੁਕਤੀ ਹੋ ਜਾਂਦੀ। 11ਸੋ ਇਸੇ ਕਰਕੇ ਪਰਮੇਸ਼ੁਰ ਓਹਨਾਂ ਉੱਤੇ ਧੋਖੇ ਦਾ ਅਸਰ ਘੱਲਦਾ ਹੈ ਭਈ**

**ਉਹ ਝੂਠ ਨੂੰ ਸੱਚ ਮੰਨਣ। [12]ਤਾਂ ਜੋ ਓਹ ਸੱਭੇ ਦੋਸ਼ੀ ਠਹਿਰਨ ਜਿਨ੍ਹਾਂ ਸੱਚ ਨੂੰ ਨਾ ਮੰਨਿਆ ਸਗੋਂ ਕੁਧਰਮ ਉੱਤੇ ਪਰਸੰਨ ਰਹੇ।**

**ਆਇਤ 3.** ਪ੍ਰਭੂ ਦਾ ਦਿਨ ਪਹਿਲਾਂ ਤੋਂ ਹੀ ਆ ਚੁੱਕਿਆ ਹੈ ਦੇ ਵਿਚਾਰ ਦੇ ਝੂਠ ਨੂੰ ਦਿਖਾਉਣ ਦੇ ਲਈ, ਪੌਲੁਸ ਨੇ ਸਮਝਾਉਣਾ ਸ਼ੁਰੂ ਕਰ ਦਿੱਤਾ ਕਿ ਉਸ ਦੇ ਆਉਣ ਤੋਂ ਪਹਿਲਾਂ ਕੁਝ ਚੀਜ਼ਾਂ ਦਾ ਵਾਪਰਨਾ ਜ਼ਰੂਰੀ ਹੈ। ਪੌਲੁਸ ਨੇ ਕਿਹਾ ਕਿ ਜੇਕਰ ਉਹ ਰੁੱਕ ਜਾਣ ਅਤੇ ਪ੍ਰਭਾਵਿਤ ਹੋਣ, ਤਾਂ ਉਹ ਯਾਦ ਕਰਨ ਕਿ ਉਸ ਨੇ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਜਦੋਂ ਉਹ ਥੱਸਲੁਨੀਕੇ ਵਿੱਚ ਮੌਜੂਦ ਸੀ ਦੱਸਿਆ ਸੀ (ਵੇਖੋ ਆਇਤ 5)। ਉਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਕਿਸੇ ਵੀ **ਭਰਮਾਵੇ** ਵਿੱਚ ਨਾ ਪੈਣ। ਧੋਖਾ ਕੀਤਾ ਜਾਣਾ ਅਤੇ ਗੁਮਰਾਹ ਕੀਤਾ ਜਾਣਾ, ਆਮ ਤੌਰ ਪਰ ਛਲ ਅਤੇ ਧੋਖਾਧੜੀ ਦੇ ਰਾਹੀਂ ਹੁੰਦਾ ਹੈ। ਪੌਲੁਸ ਨੇ ਕਿਹਾ ਕਿ ਉਹ **ਕਿਸੇ ਤਰਾਂ** ਵੀ, ਭਾਵੇਂ ਕਿਸੇ ਜਾਹਲੀ ਪੱਤ੍ਰੀ ਦੇ ਦੁਆਰਾ ਜੋ ਮਾਨੋ ਉਸ ਦੇ ਵੱਲੋਂ ਹੋਵੇ (ਆਇਤ 2) ਜਾਂ ਹੋਰਨਾਂ ਤਰੀਕਿਆਂ ਦੇ ਰਾਹੀਂ ਅਜਿਹਾ ਨਾ ਹੋਣ ਦੇਣ । **ਉਹ** [ਪ੍ਰਭੂ ਦਾ ਦਿਨ, ਜਦੋਂ ਯਿਸੂ ਵਾਪਸ ਆਉਂਦਾ ਹੈ] **ਦਿਨ ਨਹੀਂ ਆਵੇਗਾ ਜਿੰਨਾ ਚਿਰ ਪਹਿਲਾਂ ਧਰਮ ਤਿਆਗ ਨਾ ਹੋ ਲਵੇ।** “ਧਰਮ ਤਿਆਗ” (ἀποστασία *ਅਪੋਸਟਾਸਿਆ*; “ਵਿਦ੍ਰੋਹ,” NIV; “ਡਿੱਗ ਜਾਣਾ,” KJV) ਦਲ ਬਦਲ ਜਾਂ ਵਿਦ੍ਰੋਹ ਦਾ ਸੰਕੇਤ ਦਿੰਦਾ ਹੈ, ਜੋ ਪਰਮੇਸ਼ੁਰ ਅਤੇ ਉਸ ਦੀ ਇੱਛਾ ਦੇ ਵਿਰੁੱਧ ਹੋਵੇਗਾ, ਮਨੁੱਖ ਜਾਤੀ ਦੇ ਉਸ ਦੀ ਯੋਜਨਾ ਵਿੱਚ ਇੱਕ ਭੇਦ ਜਾਂ ਤਿਆਗ (ਮੱਤੀ 7:15; ਰਸੂਲਾਂ ਦੇ ਕਰਤੱਬ 20:28–31)। ਇਹ **ਕੁਧਰਮ ਦਾ ਪੁਰਖ** “ਪਰਗਟ ਹੋਣ,” ਜਾਂ ਜਾਹਿਰ ਹੋਣ ਤੇ “ਵਿਦਰੋਹ” ਦੇ ਲੱਛਣ ਪ੍ਰਦਾਨ ਕਰੇਗਾ। ਇਹ “ਪੁਰਖ” ਉਹ ਹੈ ਜੋ ਦੁਸ਼ਟ ਲੋਕਾਂ ਦੀ ਸ਼੍ਰੇਣੀ ਨਾਲ ਸੰਬੰਧਤ ਹੈ। ਉਹ, ਸੱਚਮੁੱਚ, **ਵਿਨਾਸ ਦਾ ਪੁੱਤ੍ਰ ਹੈ**, ਜਾਂ ਅਸਲ ਵਿੱਚ “ਤਬਾਹੀ ਦਾ ਪੁੱਤਰ ਹੈ” (KJV)। ਉਹ ਤਬਾਹੀ ਨਾਲ “ਸੰਬੰਧਤ” ਹੈ ਜਾਂ ਤਬਾਹੀ “ਦੇ ਦੁਆਰਾ ਦਰਸਾਇਆ” ਜਾਂਦਾ ਹੈ। ਉਸ ਦੀ ਕਿਸਮਤ ਵਿਨਾਸ ਹੈ। ਵਾਕ ὁ υἱὸς τῆς ἀπωλείας ( *ਹੋ ਹਿਊਸਟੇਸਾਪੋਲੀਆਸ*) ਯਹੂਦਾਹ ਦਾ ਵਰਣਨ ਕਰਨ ਲਈ ਵੀ ਵਰਤਿਆ ਜਾਂਦਾ ਹੈ (ਯੂਹੰਨਾ 17:12), ਇਸ ਮਾਮਲੇ ਵਿੱਚ ਜਿਸ ਦਾ NASB ਅਨੁਵਾਦ “ਤਬਾਹੀ ਦਾ ਪੁੱਤਰ” ਹੈ। ਪਾਪ ਅਤੇ ਅਰਾਜਕਤਾ ਇਸ ਆਦਮੀ ਦੇ ਆਦਰਸ਼ ਸਨ, ਜਿਵੇਂ ਧਾਰਮਿਕਤਾ ਮਸੀਹ ਯਿਸੂ ਦਾ ਆਦਰਸ਼ ਹੈ।

“ਕੁਧਰਮ ਦਾ ਪੁਰਖ” ਵਾਕ ਦੇ ਸੰਬੰਧ ਵਿੱਚ ਬਰੂਸ ਐਮ. ਮਤਜ਼ਰ ਨੇ ਲਿਖਿਆ:

> ਕੀ ਰਸੂਲ ਨੇ “ਕੁਧਰਮ ਦਾ ਪੁਰਖ” ਲਿਖਿਆ ਹੈ ਜਿਵੇਂ ਜ਼ਿਆਦਾਤਰ ਗਵਾਹ ਪੜ੍ਹਦੇ ਹਨ, ਜਾਂ “ਕੁਧਰਮ ਦਾ ਆਦਮੀ,” ਜਿਵੇਂ ℵ, B, 81, 88[mg], 1739, cop, [sa], [bo] ਆਰਮ ਮਾਰਸੀਓਨ ਟਰਟੂਲੀਅਨ ਅਤੇ ਹੋਰਨਾਂ ਨੇ ਤਸਦੀਕ ਕੀਤੀ ਹੈ? ਵਿਆਪਕ ਬਾਹਰੀ ਗਵਾਹੀ ਦੇ ਬਾਵਜੂਦ ἁμαρτίας [*ਹਿਉਮਾਰਤੀਆਸ*] (ਤਿੰਨੇ-ਮੂਲ ਪਾਠਾਂ ਦੀਆਂ ਕਿਸਮਾਂ ਵਿੱਚੋਂ ਗਵਾਹੀਆਂ: A; D G it vg; K L P ਸਭ ਤੋਂ ਛੋਟਾ ਅੱਖਰ), ਸੰਪੂਰਨ ਤੌਰ ਤੇ ਇਸ ਤਰ੍ਹਾਂ ਲੱਗਦਾ ਹੈ ਕਿ ਮੁਢਲੇ ਸਿਕੰਦਰਿਯਾ ਗਵਾਹਾਂ ਨੇ ਅਸਲੀ ਲਿਖਤਾਂ ਨੂੰ ਸੰਭਾਲਿਆ, ἀνομίας [ਐਨੋਮੀਆਸ], ਇੱਕ ਸ਼ਬਦ ਜੋ ਸ਼ਾਇਦ ਹੀ ਕਦੀ ਪੌਲੁਸ ਦੇ ਰਾਹੀਂ ਇਸਤੇਮਾਲ ਕੀਤਾ ਗਿਆ ਸੀ, ਅਕਸਰ ਬਹੁਤ ਵਾਰ ਵਰਤਿਆ ਗਿਆ ਸ਼ਬਦ ἁμαρτίας ਜਿਸ ਨੂੰ ਨਕਲਨਵੀਸ ਦੇ ਰਾਹੀਂ ਬਦਲ ਦਿੱਤਾ ਗਿਆ ਸੀ। ਅੱਗੇ, γὰρ . . . ἀνομίας . . . ਆਇਤ 7 ਵਿੱਚ ਇੱਥੇ ἀνομίας ਦੀ ਵਰਤੋਂ ਕੀਤੇ ਜਾਣ ਦਾ ਅਨੁਮਾਨ ਹੈ।[5]

ਇਸ ਲਈ, ਸ਼ਾਇਦ ਪੌਲੁਸ ਨੇ ਲਿਖਿਆ ਸੀ "ਕੁਧਰਮ ਦਾ ਪੁਰਖ," ਕਿਹਾ ਨਾ ਕਿ "ਪਾਪ ਦਾ ਪੁਰਖ।"

ਜਿਸ ਤਰ੍ਹਾਂ ਪੌਲੁਸ ਨੇ ਇੱਕ ਨਿਸ਼ਚਤ ਉਪਪਦ ਦੇ ਨਾਲ "ਧਰਮ ਤਿਆਗ" ਦਾ ਉਲੇਖ ਕੀਤਾ, ਇਹ ਸਪੱਸ਼ਟ ਹੈ ਕਿ ਉਹ ਕਿਸੇ ਅਜਿਹੀ ਚੀਜ਼ ਦੇ ਵਿਸ਼ੇ ਵਿੱਚ ਲਿਖ ਰਿਹਾ ਸੀ ਜਿਸ ਦੇ ਵਿਸ਼ੇ ਵਿੱਚ ਪਹਿਲਾਂ ਤੋਂ ਹੀ ਥੱਸਲੁਨੀਕੇ ਦੇ ਲੋਕਾਂ ਨੂੰ ਸਮਝਾਇਆ ਗਿਆ ਸੀ। ਬਦਕਿਸਮਤੀ ਦੇ ਨਾਲ, ਸਾਡੇ ਕੋਲ ਇਹ ਜਾਣਕਾਰੀ ਨਹੀਂ ਹੈ ਕਿ ਉਸ ਨੇ ਉਨ੍ਹਾਂ ਨੂੰ ਕੀ ਬੋਲਿਆ ਸੀ, ਇਸ ਲਈ ਇਹ ਸਮਝਣਾ ਹੋਰ ਵੀ ਔਖਾ ਹੈ ਕਿ ਇਸ ਦਾ ਅਰਥ ਕੀ ਸੀ। ਇਹ ਮਸ਼ਹੂਰ ਵਿਦਰੋਹ ਮਸੀਹ ਦੇ ਵਾਪਸ ਆਉਣ ਤੋਂ ਪਹਿਲਾਂ ਹੋਵੇਗਾ। ਜਦੋਂ ਇਹ ਹੋਵੇਗਾ ਤਾਂ ਇਹ "ਪੁਰਖ" **ਪਰਗਟ** ਹੋਵੇਗਾ ਜਿਵੇਂ ਆਪਣੀ ਆਮਦ ਦੇ ਸਮੇਂ ਮਸੀਹ ਪਰਗਟ ਹੋਵੇਗਾ।

**ਆਇਤ 4.** ਪੌਲੁਸ ਨੇ ਇਸ ਵਿਦਰੋਹੀ ਦੇ ਵਿਸ਼ੇ ਵਿੱਚ ਹੋਰਨਾਂ ਤੱਥਾਂ ਨੂੰ ਜਾਰੀ ਰੱਖਿਆ। ਇਹ "ਪੁਰਖ" ਵਿਰੋਧ ਕਰਦਾ ਅਤੇ ਆਪਣੇ ਆਪ ਨੂੰ **ਹਰ ਇੱਕ ਉੱਤੇ ਜਿਹੜਾ ਦੇਵ ਅਖਵਾਉਂਦਾ ਯਾ ਪੂਜਿਆ ਜਾਂਦਾ ਹੈ ਆਪਣੇ ਆਪ ਨੂੰ ਉੱਚਿਆਂ ਕਰਦਾ ਹੈ**। ਇਹ "ਪੁਰਖ" ਜਦੋਂ ਪਰਮੇਸ਼ੁਰ ਦੀ ਬਜਾਏ ਆਪਣੇ ਆਪ ਨੂੰ **ਉੱਚਿਆਂ ਕਰਦਾ ਹੈ** ਤਾਂ ਸਰਗਰਮੀ ਦੇ ਨਾਲ ਪਰਮੇਸ਼ੁਰ ਦਾ ਵਿਰੋਧ ਕਰਦਾ ਹੈ। ਪਰਮੇਸ਼ੁਰ ਦੀ ਉਪਾਸਨਾ ਨੂੰ ਚੱਲਦੇ ਰਹਿਣ ਦੇਣ ਦੀ ਬਜਾਏ, ਉਹ ਆਪਣੇ ਆਪ ਦੀ ਪੂਜਾ ਕੀਤੇ ਜਾਣ ਦੀ ਇੱਛਾ ਕਰੇਗਾ। ਉਸ ਤੋਂ ਵੀ ਵੱਧ ਕੇ, ਐਥੋਂ ਤੀਕ ਕਿ **ਉਹ ਪਰਮੇਸ਼ੁਰ ਦੀ ਹੈਕਲ ਵਿੱਚ ਬਹਿੰਦਾ ਹੈ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਕਰਕੇ ਵਿਖਾਉਂਦਾ ਹੈ**! ਯੂਨਾਨੀ ਸ਼ਬਦ ਜੋ "ਹੈਕਲ" ਕਰ ਕੇ ਅਖਵਾਉਂਦਾ ਹੈ ਉਹ ἱερόν (*ਹਾਈਰੋਨ*) ਨਹੀਂ ਹੈ, ਜੋ ਹੈਕਲ ਦੇ ਸੰਪੂਰਨ ਖੇਤਰ ਨੂੰ ਵਿਹੜਿਆਂ ਅਤੇ ਸਾਰੀਆਂ ਵਸਤੂਆਂ ਸਮੇਤ ਦੱਸਦਾ ਹੈ; ਇਸ ਦੀ ਬਜਾਏ, ਇਹ ναός (*ਨਾਓਸ*) ਹੈ। *ਨਾਓਸ* "ਠੀਕ ਪਵਿੱਤਰ ਸਥਾਨ, ਹੈਕਲ ਦਾ ਸਭ ਤੋਂ ਪਵਿੱਤਰ ਹਿੱਸਾ ਹੁੰਦਾ ਹੈ, ਜਿੱਥੇ ਮੂਰਤੀ ਰੱਖੀ ਜਾਂਦੀ ਹੈ।"[6] ਪਰ, ਇੱਥੇ "ਹੈਕਲ" ਦਾ ਅਰਥ ਪੂਰੀ ਤਰ੍ਹਾਂ ਹੜੱਪੇ ਜਾਣ ਦਾ ਰੂਪਕ ਹੋ ਸਕਦਾ ਹੈ। ਅਰਥਾਤ, ਇਸ ਦਾ ਅਰਥ ਸਿਰਫ ਇਹ ਹੋ ਸਕਦਾ ਹੈ ਕਿ ਉਹ "ਪੁਰਖ" ਆਤਮਿਕ ਹੈਕਲ, ਕਲੀਸਿਆ ਵਿੱਚ ਪਰਮੇਸ਼ੁਰ ਦਾ ਸਥਾਨ ਲੈਣਾ ਚਾਹੁੰਦਾ ਹੈ। ਵਾਕ "ਬਹਿੰਦਾ ਹੈ" ਅਤੇ "ਵਿਖਾਉਂਦਾ ਹੈ" ਇੱਕ ਅਧਿਕਾਰੀ ਦੇ ਸਥਾਪਨਾ ਸਮਾਰੋਹ ਦਾ ਸਵਾਦ ਦਿੰਦਾ ਹੈ।

ਫਿਰ ਇਹ "ਕੁਧਰਮ ਦਾ ਪੁਰਖ" ਕੌਣ ਹੈ? *ਕੀ ਇਹ ਪੋਪਾਂ ਦੀ ਲੜੀ ਦਾ ਸਮੂਹਿਕ ਹਵਾਲਾ ਹੈ,* ਜਿਵੇਂ ਪ੍ਰੈਸਬੀਟੀਰੀਅਨ ਅਲਬਰਟ ਬਰਨਾਸ ਵਿਸ਼ਵਾਸ ਕਰਦਾ ਸੀ?[7] ਉਸ ਨੇ ਕਾਫੀ ਸਬੂਤ ਦਿੱਤੇ ਕਿ ਪੋਪਾਂ ਨੇ "ਕੋਈ ਬੁਰਾਈ ਨਹੀਂ ਛੱਡੀ ਜਿਸ ਦਾ ਅਭਿਆਸ ਨਾ ਕੀਤਾ ਹੋਵੇ।" ਇਸ ਦੇ ਨਾਲ ਨਾਲ, ਜੋ ਸਿਰਨਾਵੇਂ ਉਹ ਪਹਿਨਦੇ ਹਨ, ਜਿਵੇਂ "ਮਸੀਹ ਦੇ ਪਾਦਰੀ" (ਜਾਂ "ਮਸੀਹ ਦੇ ਪੱਖ ਵਿੱਚ") ਅਤੇ "ਸਾਡਾ ਪ੍ਰਭੂ ਪਰਮੇਸ਼ੁਰ ਪੋਪ," ਅਧਿਕਾਰ ਦੇ ਨਾਲ ਨਾਲ ਉਨ੍ਹਾਂ ਨੇ ਸਾਰੇ ਅਸਥਾਈ ਸ਼ਾਸਕਾਂ ਦੇ ਉੱਪਰ ਇਸ ਵਿਚਾਰ ਨੂੰ ਆਕਰਸ਼ਕ ਬਣਾਉਣ ਦਾ ਦਾਅਵਾ ਕੀਤਾ ਹੈ।[8]

ਪਰ, ਇਹ ਗੱਲ ਸੰਦੇਹਪੂਰਣ ਲੱਗਦੀ ਹੈ ਕਿ ਪੋਪਾਂ ਨੂੰ "ਕੁਧਰਮ ਦੇ ਪੁਰਖ" ਵਿੱਚ ਸ਼ਰੀਕ ਕੀਤਾ ਗਿਆ ਹੈ। ਪੋਪ ਦਾ ਪਦ ਅਚੂਕਤਾ ਦੇ ਆਪਣੇ ਦਾਅਵੇ ਨੂੰ ਸੀਮਿਤ ਕਰਦਾ ਹੈ। ਪੌਲੁਸ ਦੁਆਰਾ ਵਰਣਨ ਕੀਤੇ ਮਨੁੱਖ ਦੇ ਸਮਾਨ ਪ੍ਰਤੀਕ ਹੁੰਦਾ ਹੈ ਉਨ੍ਹਾਂ ਦੇ ਵਿੱਚ ਸੰਪੂਰਣ ਕੁਧਰਮ ਅਤੇ ਬੁਰਾਈ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਅੱਗੇ, ਪੌਲੁਸ ਇੱਕ ਬੁਰਾਈ ਦੇ ਵਿਸ਼ੇ ਵਿੱਚ

ਗੱਲ ਕਰਦਾ ਜੋ ਪ੍ਰਤੀਕ ਹੁੰਦਾ ਹੈ ਕਿ ਮਸੀਹ ਦੀ ਦੂਸਰੀ ਆਮਦ ਦੇ ਸਮੇਂ ਸਿਖਰ ਤੇ ਪਹੁੰਚੇਗੀ। ਫਿਰ ਉਹ ਮਸੀਹ ਦੇ ਆਉਣ ਦੇ ਸਮੇਂ ਉਸ ਦੇ ਦੁਆਰਾ ਨਾਸ ਕੀਤਾ ਜਾਵੇਗਾ (ਆਇਤਾਂ 8–10)। ਮੱਧ ਕਾਲ ਵਿੱਚ ਪੋਪ ਦੀ ਸ਼ਕਤੀ ਸਿਖਰ ਤੇ ਆਈ ਸੀ।

ਹੋਰਨਾਂ ਨੇ *ਰੋਮੀ ਸਮਰਾਟਾਂ ਦੀ ਲਾਇਨ ਦੇ ਲਈ ਸਮੂਹਿਕ ਹਵਾਲਾ ਦੇ ਕੇ* "ਕੁਧਰਮ ਦੇ ਪੁਰਖ" ਦੀ ਪਛਾਣ ਕੀਤੀ ਹੈ। ਅਸਲ ਵਿੱਚ ਸਮਰਾਟਾਂ ਨੇ ਦੈਵੀ ਹੋਣ ਦਾ ਦਾਅਵਾ ਕੀਤਾ ਸੀ ਅਤੇ ਉਨ੍ਹਾਂ ਵਿੱਚੋਂ ਬਹੁਤਿਆਂ ਨੇ ਪਹਿਲੀ ਸ਼ਤਾਬਦੀ ਈ. ਵੀ. ਦੇ ਅੰਤ ਵਿੱਚ ਪੂਜੇ ਜਾਣ ਦੀ ਮੰਗ ਕੀਤੀ ਸੀ। ਲਗਭਗ 64 ਈ. ਵੀ. ਤੋਂ, ਨੀਰੋ ਦੇ ਸ਼ਾਸਨਕਾਲ ਦੇ ਦੌਰਾਨ ਅਤੇ ਬਾਅਦ ਵਿੱਚ, ਉਨ੍ਹਾਂ ਨੇ ਮਸੀਹੀਅਤ ਨੂੰ ਸਤਾਇਆ, ਜਾਂ ਉਸ ਦਾ "ਵਿਰੋਧ ਕੀਤਾ।" ਇੱਥੋਂ ਤੱਕ ਕਿ ਇਹ ਵੀ ਸੱਚ ਹੈ ਕਿ ਇੱਕ ਸਮਰਾਟ, ਕਲਿਗੁਲਾ (ਈ. ਸੀ. 12–41) ਯਰੂਸ਼ਲਮ ਦੀ ਹੈਕਲ ਦੇ ਅੰਦਰ ਆਪਣੇ ਆਪ ਦੀ ਇੱਕ ਮੂਰਤੀ ਸਥਾਪਤ ਕਰਕੇ ਉਸ ਨੂੰ ਅਪਵਿੱਤਰ ਕਰਨਾ ਚਾਹੁੰਦਾ ਸੀ। ਭਾਵੇਂ ਇਹ ਇਸ ਕਿਸਮ ਦੀ ਗੱਲ ਹੈ ਜਿਸ ਦਾ ਪੌਲੁਸ ਨੇ ਵਰਣਨ ਕੀਤਾ ਸੀ, ਪਰ ਇਹ ਅਣਹੋਣਾ ਹੈ ਕਿ ਪੌਲੁਸ ਇਸ ਦਾ ਵਰਣਨ ਕਰ ਰਿਹਾ ਸੀ। ਪੌਲੁਸ ਭਵਿੱਖ ਵੱਲ ਇਸ਼ਾਰਾ ਕਰ ਰਿਹਾ ਸੀ ਅਤੇ ਕਲਿਗੁਲਾ ਦੀ ਸਮਰਾਟ ਪੂਜਾ ਦੀ ਕੋਸ਼ਿਸ਼ ਕਰਨ ਦੀ ਘਟਨਾ ਪੌਲੁਸ ਦੇ ਦੁਆਰਾ 2 ਥੱਸਲੁਨੀਕੀਆਂ ਦੀ ਪੱਤ੍ਰੀ ਲਿਖੇ ਜਾਣ ਤੋਂ ਪਹਿਲਾਂ ਹੀ ਵਾਪਰ ਚੁੱਕੀ ਸੀ।

ਰੋਮੀ ਸਮਰਾਟ ਵੀ, ਪੰਜਵੀਂ ਸ਼ਤਾਬਦੀ ਈ. ਵੀ. ਦੇ ਅੰਤ ਵਿੱਚ, ਸਾਰੇ ਵਿਵਹਾਰਿਕ ਉਦੇਸ਼ਾਂ ਦੇ ਲਈ ਪੂਰੀ ਤਰ੍ਹਾਂ ਦੇ ਨਾਲ ਨਾਸ ਹੋ ਗਏ ਸਨ; ਅਤੇ ਪੌਲੁਸ ਉਸ ਸ਼ਕਤੀ ਦੇ ਬਾਰੇ ਬੋਲ ਰਿਹਾ ਸੀ ਜੋ ਮਸੀਹ ਦੇ ਵਾਪਸ ਆਉਣ ਤੋਂ ਠੀਕ ਪਹਿਲਾਂ ਸਿਖਰ ਤੇ ਪਹੁੰਚੇਗੀ। ਉਸ ਦੇ ਮਨ ਵਿੱਚ ਸਮਰਾਟ ਕਿਵੇਂ ਹੋ ਸਕਦੇ ਹਨ? "ਕੁਧਰਮ ਦਾ ਪੁਰਖ" ਮਸੀਹ ਦੇ ਆਉਣ ਦੇ ਸਮੇਂ ਮੌਜੂਦ ਹੋਵੇਗਾ ਅਤੇ ਮਸੀਹ ਦੇ ਆਉਣ ਤੇ ਨਾਸ ਕੀਤਾ ਜਾਵੇਗਾ (ਆਇਤਾਂ 8–10)।

ਇੱਕ ਹੋਰ ਸਿਧਾਂਤ ਹੈ ਕਿ "ਕੁਧਰਮ ਦਾ ਪੁਰਖ" *ਖੁਦ ਸ਼ਤਾਨ ਹੈ*। ਸ਼ਬਦ "ਸ਼ਤਾਨ" ਦਾ ਅਰਥ ਹੈ "ਵਿਰੋਧੀ" ਹੈ ਅਤੇ ਆਇਤ 4 ਕਹਿੰਦੀ ਹੈ ਇਹ "ਆਦਮੀ" ਪਰਮੇਸ਼ੁਰ ਆਤੇ ਉਸ ਦੇ ਰਾਹ ਦਾ "ਵਿਰੋਧ" ਕਰਦਾ ਹੈ। ਕੁਝ ਲੋਕ ਇਸ ਵਿਚਾਰ ਤੇ ਵਿਸ਼ਵਾਸ ਕਰਦੇ ਹਨ ਕਿ ਯੁੱਗ ਦੇ ਅੰਤ ਤੋਂ ਪਹਿਲਾਂ ਸ਼ਤਾਨ ਸਰੀਰਕ ਰੂਪ ਧਾਰੇਗਾ ਅਤੇ ਇੱਕ ਮਹਾਨ ਯੁੱਧ ਦੇ ਲਈ ਆਪਣੇ ਕਰਮਚਾਰੀਆਂ ਨੂੰ ਇਕੱਠਾ ਕਰੇਗਾ। ਇਹ ਵਿਚਾਰ ਆਕਰਸ਼ਕ ਹੈ, ਖਾਸ ਤੌਰ ਤੇ ਜਦਕਿ ਇੱਥੇ ਵੇਰਵੇ ਦੇ ਬਹੁਤ ਸਾਰੇ ਤੱਤ ਦੂਸਰੇ ਬੰਦਾਂ ਵਿੱਚ ਦਿੱਤੇ ਸ਼ਤਾਨ ਦੇ ਵੇਰਵਿਆਂ ਦੇ ਤੱਤਾਂ ਦੇ ਅਨੁਸਾਰ ਹਨ। ਨਿਸ਼ਚਤ ਤੌਰ ਤੇ ਯਿਸੂ ਆਪਣੀ ਆਮਦ ਦੇ ਸਮੇਂ ਸ਼ਤਾਨ ਨੂੰ ਨਾਸ ਕਰ ਦੇਵੇਗਾ (ਪਰਕਾਸ਼ ਦੀ ਪੋਥੀ 20:10)। ਪਰ, ਆਇਤ 9 ਵਿੱਚ ਇੱਕ ਮੁਸ਼ਕਲ ਰੁਕਾਵਟ ਪਾਈ ਗਈ ਹੈ, ਜਿੱਥੇ ਪੌਲੁਸ ਨੇ ਕਿਹਾ ਹੈ ਉਸ "ਕੁਧਰਮੀ" ਦਾ ਆਉਣਾ "ਸ਼ਤਾਨ ਦੇ ਅਮਲ ਅਨੁਸਾਰ ਹਰ ਪਰਕਾਰ ਦੀ ਸ਼ਕਤੀ, ਝੂਠੀਆਂ ਨਿਸ਼ਾਨੀਆਂ ਅਤੇ ਅਚਰਜਾਂ ਦੇ ਨਾਲ ਹੋਵੇਗਾ।" ਇਸ ਲਈ, ਇਹ ਜ਼ਰੂਰੀ ਜਾਪਦਾ ਹੈ ਕਿ ਇਹ ਖੁਦ ਸ਼ਤਾਨ ਨਹੀਂ ਹੈ; ਇਸ ਦੀ ਬਜਾਏ, ਉਹ ਇੱਕ ਅਜਿਹਾ ਪੁਰਖ ਹੈ ਜੋ ਸ਼ਤਾਨ ਦੀਆਂ ਸਮਾਂਤਰ ਲਾਇਨਾਂ ਦੇ ਅਨੁਸਾਰ ਕੰਮ ਕਰਦਾ ਹੈ।

ਹੁਣ ਵੀ ਇੱਕ ਹੋਰ ਸਿਧਾਂਤ ਵੀ ਹੈ ਕਿ "ਕੁਧਰਮ ਦਾ ਪੁਰਖ" ਇੱਕ "ਆਦਮੀ" ਹੀ ਹੈ ਇਹ ਸਿਰਫ ਇਸ ਅਰਥ ਵਿੱਚ ਹੈ ਕਿ ਕਈ ਵਾਰ ਬੁਰਾਈ ਦਾ ਮਨੁੱਖੀਕਰਣ ਕੀਤਾ ਜਾਂਦਾ ਹੈ। ਇਸ ਵਿਚਾਰ ਦੇ ਅਨੁਸਾਰ "ਕੁਧਰਮ ਦਾ ਪੁਰਖ" *ਬੁਰਾਈ ਦਾ ਮਨੁੱਖੀਕਰਣ* ਹੋਵੇਗਾ। ਵਿਚਾਰ ਇਹ ਹੈ ਕਿ ਮਸੀਹੀ ਯੁੱਗ ਤੋਂ ਬਾਅਦ-ਪੌਲੁਸ ਦਾ ਸਮਾਂ ਬੀਤ ਜਾਣ ਤੋਂ ਬਾਅਦ-ਉਸ ਨੇ ਇਹ ਨਹੀਂ ਕਿਹਾ ਕਿ ਕਿੰਨੇ ਸਮੇਂ ਦੇ ਬਾਅਦ-ਬੁਰਾਈ ਤੇਜ਼ੀ ਦੇ ਨਾਲ ਵਧੇਗੀ (1 ਤਿਮੋਥਿਉਸ 4:1–3;

2 ਤਿਮੋਥਿਉਸ 3:13; 4:3 ਤੁਲਨਾ ਕਰਕੇ ਵੇਖੋ)। ਸੰਸਾਰ ਦੇ ਅੰਤ ਦੇ ਨੇੜੇ, ਬੁਰਾਈ ਦੀਆਂ ਤਾਕਤਾਂ ਪਰਮੇਸ਼ੁਰ ਦੀ ਸਾਰੀ ਭਗਤੀ ਨੂੰ ਦਬਾਉਣ ਦੀ ਕੋਸ਼ਿਸ਼ ਕਰਣਗੀਆਂ।

ਬੁਰਾਈ ਦੀਆਂ ਇਨ੍ਹਾਂ ਤਾਕਤਾਂ ਵਿੱਚ ਝੂਠੇ ਧਰਮ, ਨਾਸਤਿਕ ਤਾਕਤਾਂ ਅਤੇ ਇਸ ਦੇ ਸਮਾਨ ਸਾਰੀਆਂ ਤਾਕਤਾਂ ਸ਼ਾਮਲ ਹੋਣਗੀਆਂ। ਇਨ੍ਹਾਂ ਦਾ ਮਨੁੱਖੀਕਰਣ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਨੂੰ "ਕੁਧਰਮ ਦਾ ਪੁਰਖ" ਕਿਹਾ ਜਾਂਦਾ ਹੈ। ਫਿਰ, ਜਦੋਂ ਇਹ ਲੱਗੇਗਾ ਕਿ ਇਹ "ਪੁਰਖ" ਜਿੱਤ ਗਿਆ ਹੈ (ਲੂਕਾ 18:8 ਨਾਲ ਤੁਲਨਾ ਕਰੋ), ਮਸੀਹ ਆਵੇਗਾ ਅਤੇ ਉਸ ਨੂੰ ਆਪਣੇ ਮੂੰਹ ਦੇ ਚਮਕਾਰੇ ਦੇ ਨਾਲ ਨਾਸ ਕਰੇਗਾ।

ਇੰਝ ਜਾਪਦਾ ਹੈ ਕਿ ਇਹ ਵਿਚਾਰ ਸਾਰੇ ਤੱਥਾਂ ਦੇ ਨਾਲ ਦੂਸਰੇ ਸਾਰੇ ਵਿਚਾਰਾਂ ਦੀ ਤੁਲਨਾ ਵਿੱਚ ਸਭ ਤੋਂ ਵਧੀਆ ਤਰ੍ਹਾਂ ਨਾਲ ਫਿਟ ਹੁੰਦਾ ਹੈ, ਪਰ ਕਿਸੇ ਵੀ ਵਿਚਾਰ ਨੂੰ ਕਲਪਿਤ ਹੋਣ ਦੀ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।

ਵਿਚਾਰਾਂ ਵਿੱਚੋਂ ਕੁਝ ਜਿਨ੍ਹਾਂ ਨੂੰ ਸੂਚੀਬੱਧ ਕੀਤਾ ਗਿਆ ਹੈ, ਆਖਰੀ ਨੂੰ ਵੀ ਮਿਲਾ ਕੇ, "ਕੁਧਰਮ ਦੇ ਪੁਰਖ" ਦੇ ਬਾਰੇ ਸੋਚੋ ਕਿ ਉਹ 1 ਯੂਹੰਨਾ 2:18 ਵਿੱਚ ਬੋਲੇ ਗਏ "ਮਸੀਹ ਵਿਰੋਧੀ" ਦੇ ਸਮਾਨ ਹੈ। ਧਿਆਨਪੂਰਵਕ ਕੀਤਾ ਗਿਆ ਅਧਿਐਨ ਇਸ ਗੱਲ ਨੂੰ ਦਰਸਾਉਂਦਾ ਹੈ ਕਿ, ਮਸੀਹ ਵਿਰੋਧੀ ਦੇ ਆਪਣੇ ਵਰਣਨ ਵਿੱਚ, ਯੂਹੰਨਾ ਵੀ ਬੁਰਾਈ ਦਾ ਮਨੁੱਖੀਕਰਣ ਕਰਦਾ ਹੈ, ਖਾਸ ਤੌਰ ਤੇ ਉਸ ਬੁਰਾਈ ਦਾ ਜੋ ਝੂਠੇ ਸਿੱਖਿਅਕਾਂ ਦੇ ਵਿੱਚ ਕੰਮ ਕਰਦੀ ਹੈ ਜੋ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਮਸੀਹ ਸਰੀਰ ਵਿੱਚ ਆਇਆ (1 ਯੂਹੰਨਾ 4:1–3)। ਇਹ ਪਰਗਟ ਹੈ ਕਿਉਂਕਿ ਉਹ "ਬਹੁਤ ਸਾਰੇ ਮਸੀਹ ਵਿਰੋਧੀਆਂ ਦੀ ਗੱਲ ਕਰਦਾ ਹੈ" (1 ਯੂਹੰਨਾ 2:18)।

**ਆਇਤ 5.** ਪੌਲੁਸ ਨੇ ਕਿਹਾ, ਕਿ ਸਚਮੁੱਚ ਉਨ੍ਹਾਂ ਨੂੰ **ਚੇਤੇ ਨਹੀਂ . . .** [ਉਸ ਨੇ] **ਏਹ** [ਉਨ੍ਹਾਂ ਨੂੰ] **ਗੱਲਾਂ ਆਖੀਆਂ?** ਯੂਨਾਨੀ ਸ਼ਬਦ λέγω (*ਲੀਗੋ*), ਜਿਸ ਦਾ ਅਨੁਵਾਦ "ਆਖੀਆਂ," ਅਪੂਰਣ ਕਾਲ ਵਿੱਚ ਹੈ, ਇਹ ਸੰਕੇਤ ਦੇ ਰਿਹਾ ਹੈ ਕਿ ਕਾਰਵਾਈ ਨੂੰ ਦੁਹਰਾਇਆ ਗਿਆ ਹੈ।

ਥੱਸਲੁਨੀਕੇ ਦੇ ਲੋਕਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸੰਭਵ ਤੌਰ ਤੇ ਹੁਣ ਤੱਕ ਦੂਸਰੀ ਆਮਦ ਨਹੀਂ ਹੋ ਸਕਦੀ ਹੈ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪੌਲੁਸ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਪੌਲੁਸ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਦੂਸਰੀ ਆਮਦ ਤੋਂ ਪਹਿਲਾਂ ਇਹ ਸਭ ਕੁਝ ਹੋਵੇਗਾ। "ਕੁਧਰਮ ਦਾ ਪੁਰਖ" ਅਜੇ ਪਰਗਟ ਨਹੀਂ ਹੋ ਸਕਦਾ ਹੈ ਕਿਉਂਕਿ ਕੁਝ ਉਸ ਨੂੰ "ਡੱਕੀ ਬੈਠਾ ਹੈ" (ਆਇਤ 6; NIV)।

**ਆਇਤ 6.** ਸ਼ਬਦ "ਉਹ ਨੂੰ" "ਕੁਧਰਮ ਦੇ ਪੁਰਖ" (ਆਇਤਾਂ 3, 4) ਦਾ ਸੰਕੇਤ ਦਿੰਦਾ ਹੈ ਅਤੇ ਥੱਸਲੁਨੀਕੇ ਦੇ ਲੋਕ ਜਾਣਦੇ ਸਨ **ਜੋ ਡੱਕੀ ਬੈਠਾ ਹੈ** [ਸੀ], ਕਿਉਂਕਿ ਉਨ੍ਹਾਂ ਨੂੰ ਪੌਲੁਸ ਦੇ ਦੁਆਰਾ ਦੱਸਿਆ ਗਿਆ ਸੀ ਜਦੋਂ ਉਹ ਮੌਜੂਦ ਸੀ। ਪੌਲੁਸ ਦੇ ਲਿਖਣ ਦੇ ਸਮੇਂ ਤੱਕ ਵੀ, ਕੋਈ ਚੀਜ਼ ਇਸ "ਆਦਮੀ" ਨੂੰ ਪਰਗਟ ਹੋਣ ਤੋਂ ਰੋਕ ਰਹੀ ਸੀ। "ਜੋ," ਇੱਥੇ, ਨਿਰਵਿਅਕਤੀ ਹੈ, ਪਰ ਆਇਤ 7 ਵਿੱਚ "ਉਹ" ਦਾ ਵਰਣਨ ਵਿਅਕਤੀਗਤ ਤੌਰ ਤੇ ਕੀਤਾ ਗਿਆ ਹੈ। ਰੋਕਣ ਵਾਲੀ ਤਾਕਤ ਦਾ ਵਰਣਨ ਕਰਨ ਦੇ ਲਈ ਦੋਵੇਂ ਤਰੀਕੇ ਸਹੀ ਹਨ। ਉਹ ਜਾਂ ਜੋ "ਉਸ ਨੂੰ ਡੱਕ ਰਹੇ" ਸਨ? ਕਈ ਸਿਧਾਤਾਂ ਦਾ ਪ੍ਰਸਤਾਵ ਕੀਤਾ ਗਿਆ ਹੈ।

ਪਹਿਲਾਂ, ਕੁਝ ਦਾ ਕਹਿਣਾ ਹੈ ਕਿ ਰੋਕਣ ਵਾਲੀ ਤਾਕਤ ਦੂਸਰਾ ਸਮਰਾਟ ਹੈ। ਜੋ ਲੋਕ ਇਸ ਵਿਚਾਰ ਨੂੰ ਮੰਨਦੇ ਹਨ ਉਹ ਉਹ ਲੋਕ ਹਨ ਜੋ ਵਿਸ਼ਵਾਸ ਕਰਦੇ ਹਨ ਕਿ ਸਮਰਾਟ "ਕੁਧਰਮ ਦਾ ਪੁਰਖ" ਹੈ। ਇਹ ਸਿਧਾਂਤ ਸਹੀ ਨਹੀਂ ਹੋ ਸਕਦਾ ਹੈ ਕਿਉਂਕਿ "ਇਹ ਪੁਰਖ" ਹੁਣ

ਤੱਕ ਪੂਰੀ ਤਰ੍ਹਾਂ ਦੇ ਨਾਲ ਪਰਗਟ ਨਹੀਂ ਹੋਇਆ ਹੈ ਅਤੇ ਇੱਥੇ ਕੋਈ ਸਮਰਾਟ ਨਹੀਂ ਹੈ ਜਿਸ ਨੂੰ ਵਾਪਸ ਲਿਆਂਦਾ ਜਾ ਸਕੇ (ਸਮਰਾਟ ਪੰਦਰਾਂ ਸਦੀਆਂ ਪਹਿਲੇ ਡਿੱਗ ਗਏ ਸਨ)। ਦੂਸਰਾ, ਕੁਝ ਕਹਿੰਦੇ ਹਨ ਕਿ ਇਹ ਖੁਦ ਸਾਮਰਾਜ ਹੈ। ਇਹ ਉਹ ਲੋਕ ਹਨ ਜੋ ਸੋਚਦੇ ਹਨ "ਇਹ ਪੁਰਖ" ਪੋਪ ਦਾ ਪਦ ਹੈ। ਕਈ ਕਾਰਣਾਂ ਦੇ ਕਾਰਣ ਇਹ ਵਿਚਾਰ ਵੀ ਅਣਹੋਣਾ ਹੈ: ਸਾਮਰਾਜ ਹੁਣ ਕੋਈ ਰਿਹਾ ਨਹੀਂ ਹੈ, ਪਰ "ਇਹ ਪੁਰਖ" ਪੂਰੀ ਤਰ੍ਹਾਂ ਪਰਗਟ ਨਹੀਂ ਹੋਇਆ ਹੈ। ਤੀਸਰਾ, ਕੁਝ ਕਹਿੰਦੇ ਹਨ ਇਹ ਪਵਿੱਤਰ ਆਤਮਾ ਹੈ। ਇਹ ਉਹ ਹਨ ਜੋ ਸੋਚਦੇ ਹਨ ਕਿ ਇਹ "ਪੁਰਖ" ਸ਼ਤਾਨ ਹੈ, ਪਰ ਇਹ ਸੰਦੇਹਪੂਰਣ ਹੈ। ਆਇਤ 7 ਵਿੱਚ "ਵਿੱਚੋਂ ਹਟ ਨਾ ਜਾਵੇ" ਇੱਕ ਦੁਸ਼ਟ ਜਾਂ ਹਿੰਸਕ ਕੰਮ ਦਾ ਸੰਕੇਤ ਦਿੰਦਾ ਹੈ, ਜੋ ਡੱਕਣ ਵਾਲੇ ਨੂੰ ਦੂਰ ਕਰੇਗਾ। ਕੀ ਦੁਸ਼ਟ ਦੁਆਰਾ ਪਵਿੱਤਰ ਆਤਮਾ ਨੂੰ ਹਰਾ ਸਕਣਾ ਸੰਭਵ ਹੈ? ਚੌਥਾ, ਕੁਝ ਲੋਕ ਕਹਿੰਦੇ ਹਨ "ਡੱਕਣ ਵਾਲਾ" ਕਾਨੂੰਨ ਅਤੇ ਵਿਵਸਥਾ ਦਾ ਸਿਧਾਂਤ ਹੈ। ਇਹ ਵਿਚਾਰ ਉਨ੍ਹਾਂ ਲੋਕਾਂ ਦੇ ਰਾਹੀਂ ਮੰਨਿਆ ਜਾਂਦਾ ਹੈ ਜੋ ਸੋਚਦੇ ਹਨ ਕਿ ਇਹ "ਪੁਰਖ" ਬੁਰਾਈ ਦਾ ਮਨੁੱਖੀਕਰਣ ਕੀਤਾ ਹੋਇਆ ਹੈ। ਡੱਕਣ ਵਾਲੀ ਤਾਕਤ ਵੱਖ ਵੱਖ ਸਰਕਾਰਾਂ ਅਤੇ ਸਮਾਜਾਂ ਵਿਚਲੇ ਤੱਤ ਹੋਣਗੇ ਜੋ ਕਾਨੂੰਨ ਅਤੇ ਵਿਵਸਥਾ ਵਿੱਚ ਵਿਸ਼ਵਾਸ ਰੱਖਦੇ ਹਨ। ਤਰੀਕਿਆਂ ਦੇ ਵਿਸ਼ੇ ਵਿੱਚ ਡੱਕਣ ਵਾਲੀ ਤਾਕਤ ਦਾ ਵਰਣਨ ਕੀਤਾ ਜਾ ਸਕਦਾ ਹੈ, ਰੋਬਰਟਸੰਨਜ਼ ਨੇ ਲਿਖਿਆ ਕਿ ਇਸ ਨੂੰ ਕਿਹਾ ਜਾਂਦਾ ਹੈ "*ਜੋ ਰੋਕਦੀ ਹੈ* (ਡੱਕੀ ਰੱਖਦੀ ਹੈ, [κατέχω] *ਕੇਟਚੋਨ*) ਤੋਂ ਹੈ, ਇੱਥੇ ਸਰਵਨਾਮ ਅਤੇ ਆਇਤ 7 ਵਿੱਚ ਪੁਲਿੰਗ [ὁ κατέχων] *ਹੋ ਕਾਤੇਚੋਨ*।"[9]

ਕਿਸੇ ਵੀ ਕੀਮਤ ਤੇ, ਕੋਈ ਵਿਅਕਤੀ ਜਾਂ ਸ਼ਕਤੀ ਇਸ "ਪੁਰਖ" ਨੂੰ ਪਰਗਟ ਹੋਣ ਤੋਂ ਰੋਕ ਰਹੀ ਸੀ ਕਿ ਇਹ ਪਰਗਟ ਨਾ ਹੋਵੇ ਤਾਂ ਕਿ ਇਹ "ਮਿਥੇ ਹੋਏ ਸਮੇਂ ਤੇ ਪਰਗਟ ਹੋ ਸਕੇ" (NIV), ਜਦੋਂ ਪਰਮੇਸ਼ੁਰ ਇਸ ਨੂੰ ਇਜ਼ਾਜਤ ਦੇਵੇ। ਇਹ ਪੌਲੁਸ ਦਾ ਬੋਲਣ ਦਾ ਤਰੀਕਾ ਸੀ, "ਪਰਮੇਸ਼ੁਰ ਹੁਣ ਵੀ ਨਿਯੰਤਰਣ ਵਿੱਚ ਹੈ। ਤੁਸੀਂ ਥੱਸਲੁਨੀਕੇ ਦੇ ਲੋਕੋ, ਭਾਵੇਂ ਹੁਣ ਤੁਸੀਂ ਸਤਾਏ ਜਾ ਰਹੇ ਹੋ, ਇਸ ਗੱਲ ਨੂੰ ਯਾਦ ਰੱਖੋ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਭੁੱਲਿਆ ਨਹੀਂ ਹੈ।"

**ਆਇਤ 7. ਕੁਧਰਮ ਦੀ ਭੇਤ** ਪੌਲੁਸ ਦੇ ਦਿਨਾਂ ਵਿੱਚ ਦੁਨੀਆਂ ਵਿੱਚ ਪ੍ਰਭਾਵਾਂ ਨੂੰ ਦਰਸਾਉਂਦਾ ਹੈ ਜੋ ਸਪੱਸ਼ਟ ਨਹੀਂ ਸਨ ਅਤੇ ਤਾਂ ਵੀ, ਖਮੀਰ ਦੇ ਵਾਂਗ ਪਹਿਲਾਂ ਤੋਂ ਹੀ ਸਕ੍ਰਿਯ ਸਨ। "ਕੁਧਰਮ" ਦਾ ਇਹ ਇਸਤੇਮਾਲ ਇਸ ਵਿਚਾਰ ਨੂੰ ਆਇਤ 3 ਦੇ "ਕੁਧਰਮ ਦੇ ਪੁਰਖ" ਦੇ ਨਾਲ ਜੋੜਦਾ ਹੈ। ਇਹ ਇਸ ਵਿਚਾਰ ਨੂੰ ਲੈਂਦਾ ਹੈ ਕਿ ਸਧਾਰਣ ਰੀਤਿ ਦੇ ਨਾਲ ਕੋਈ ਬੁਰਾਈ ਦੇ ਨਾਲ ਨਜਿੱਠ ਰਿਹਾ ਹੈ, ਜੋ ਸਿਰਫ ਅਵਤਾਰ ਦੇ ਅਰਥ ਵਿੱਚ ਇੱਕ "ਪੁਰਖ" ਹੈ। ਇਹ ਬੁਰੇ ਪ੍ਰਭਾਵ ਪੌਲੁਸ ਦੇ ਦਿਨਾਂ ਵਿੱਚ ਕੰਮ ਕਰ ਰਹੇ ਸਨ ਅਤੇ **ਹੁਣ ਵੀ ਅਸਰ** [ਜਾਰੀ] **ਕਰੀ ਜਾਂਦੀ ਹੈ**। "ਕੁਧਰਮ ਦੇ ਪੁਰਖ" ਦੀ ਮੌਜੂਦਾ ਰੋਕ ਨਿਰੰਤਰ ਸਥਿਰ ਬਣੀ ਰਹਿੰਦੀ ਸੀ **ਜਦ ਤਾਈਂ** [ਉਹ ਜੋ "ਕੁਧਰਮ ਦੇ ਪੁਰਖ" ਨੂੰ ਪਰਗਟ ਹੋਣ ਤੋਂ ਰੋਕੀ ਰੱਖਦਾ ਹੈ"] **ਵਿੱਚੋਂ ਹਟ ਨਾ ਜਾਵੇ**। ਇਹ ਵਾਕ ἐκ μέσου γένηται (*ਏਕ ਮੇਸਾਊ ਜੀਨਤਾਈ*) ਸ਼ਾਇਦ ਇੱਕ ਹਿੰਸਕ ਨੂੰ ਹਟਾਉਣ ਨੂੰ ਦਰਸਾਉਂਦਾ ਹੈ, ਜੋ (ਜਿਵੇਂ ਉੱਤੇ ਕਿਹਾ ਗਿਆ ਹੈ) ਪਵਿੱਤਰ ਆਤਮਾ ਨੂੰ "ਕੁਧਰਮ ਦੇ ਪੁਰਖ" ਨੂੰ ਪਰਗਟ ਹੋਣ ਤੋਂ "ਡੱਕਣ ਵਾਲੇ" ਦੇ ਰੂਪ ਵਿੱਚ ਹੋਣ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ (ਜਿਵੇਂ ਸਕੋਫੀਲਡ ਰੈਫਰੇਂਸ ਬਾਈਬਲ ਦੇ ਦੁਆਰਾ ਸੁਝਾਅ ਦਿੱਤਾ ਗਿਆ ਹੈ)। ਇਹ ਸੰਭਾਵਨਾ ਨਹੀਂ ਹੋ ਸਕਦੀ ਕਿ ਪੌਲੁਸ ਪਵਿੱਤਰ ਆਤਮਾ ਦੇ ਵਿਸ਼ੇ ਵਿੱਚ ਬੋਲੇ ਕਿ "ਵਿੱਚੋਂ ਹਟ ਨਾ ਜਾਵੇ," ਅਤੇ ਇਹ ਵੀ ਸੰਭਾਵਨਾ ਨਹੀਂ ਹੈ ਕਿ ਉਸ ਨੂੰ "ਵਿੱਚੋਂ ਹਟ ਨਾ ਜਾਵੇ।" ਸਿਰਫ ਪਰਮੇਸ਼ੁਰ ਉਹ ਕਰ ਸਕਦਾ ਹੈ ਅਤੇ ਉਹ ਅਜਿਹਾ ਨਹੀਂ ਕਰੇਗਾ।[10] ਹੋਰਨਾਂ ਨੇ ਸੁਝਾਅ ਦਿੱਤਾ

ਹੈ ਕਿ ਇਹ ਜ਼ਰੂਰੀ ਨਹੀਂ ਹੈ ਕਿ ਇਸ ਨੂੰ ਧੱਕੇ ਨਾਲ ਹੀ ਹਟਾਇਆ ਜਾਵੇ, ਪਰ ਉਨ੍ਹਾਂ ਦੇ ਤਰਕ ਠੋਸ ਨਹੀਂ ਹਨ।[11]

ਜੇਕਰ, ਜਿਵੇਂ ਉੱਪਰ ਸੁਝਾਅ ਦਿੱਤਾ ਗਿਆ ਹੈ, ਰੋਕਣ ਵਾਲੀ ਤਾਕਤ ਵੱਖ ਵੱਖ ਸਰਕਾਰਾਂ ਅਤੇ ਸਮਾਜਾਂ ਦੇ ਤੱਤਾਂ ਤੋਂ ਬਣਦੀ ਹੈ ਜੋ ਕਾਨੂੰਨ ਅਤੇ ਵਿਵਸਥਾ ਵਿੱਚ ਵਿਸ਼ਵਾਸ ਕਰਦੇ ਹਨ, ਇਹ ਬਲ ਉਸ ਸਮੇਂ ਤੱਕ ਨਿਰੰਤਰ ਬਣਿਆ ਰਹੇਗਾ ਜਦੋਂ ਤੱਕ ਇਹ ਤੱਤ ਅਤੇ ਲੋਕ ਆਪਣੇ ਵਿਸ਼ਵਾਸਾਂ ਨੂੰ ਮਜ਼ਬੂਤੀ ਦੇ ਨਾਲ ਫੜੀ ਰੱਖਦੇ ਹਨ। ਇੱਕ ਵਾਰ ਅਜਿਹੀਆਂ ਭਾਵਨਾਵਾਂ ਘਟਣੀਆਂ ਸ਼ੁਰੂ ਹੋ ਜਾਣਗੀਆਂ ਅਤੇ ਕੁਧਰਮ ਪ੍ਰਬਲ ਹੋਣਾ ਸ਼ੁਰੂ ਕਰ ਦੇਵੇਗਾ, ਫਿਰ ਕੁਧਰਮ ਦੀਆਂ ਸ਼ਕਤੀਆਂ ਖੁੱਲੀਆਂ ਛੱਡ ਦਿੱਤੀਆਂ ਜਾਂਦੀਆਂ ਹਨ। ਇਹ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਇਸ ਕਿਸਮ ਦੀਆਂ ਕੁਝ ਕਾਟਾਂ ਨੇ ਅਮਰੀਕਾ, ਬ੍ਰਿਟੇਨ ਅਤੇ ਹੋਰਨਾਂ ਦੇਸ਼ਾਂ ਵਿੱਚ ਪਿਛਲੇ ਕੁਝ ਦਸ਼ਕਾਂ ਜਗਾ ਲੈ ਲਈ ਹੈ। (ਡੱਕਣ ਵਾਲੇ ਦੀ ਪਹਿਚਾਣ ਦੀ ਵਧੇਰੇ ਚਰਚਾ "ਵਧੇਰੇ ਅਧਿਐਨ ਲਈ: ਜੋ 'ਡੱਕੀ ਬੈਠਾ ਹੈ' [2:6, 7]" ਸਫਾ 59 ਤੇ।)

**ਆਇਤ 8.** ਜਿਵੇਂ ਹੀ ਇਹ ਵਿਅਕਤੀ ਜਾਂ ਤਾਕਤਾਂ ਜੋ ਇਸ ਕੁਧਰਮੀ ਨੂੰ ਆਉਣ ਤੋਂ ਰੋਕ ਰਹੀਆਂ ਹਨ ਹਟਾ ਦਿੱਤੀਆਂ ਜਾਣਗੀਆਂ, ਤਾਂ ਉਹ ਵੀ "ਪਰਗਟ" ਹੋ ਜਾਵੇਗਾ। ਆਇਤ 1:7 ਵਿੱਚ ਮਸੀਹ ਦੇ ਪਰਗਟ ਹੋਣ ਦੇ ਲਈ ਵੀ ਉਹੀ ਸ਼ਬਦ ਇਸਤੇਮਾਲ ਕੀਤਾ ਗਿਆ ਹੈ ਅਤੇ ਉਸ ਦਾ ਅਰਥ ਹੈ "ਪਰਗਟ ਕਰਨ ਦੇ ਲਈ।" ਮਸੀਹ ਅਤੇ ਇਹ "ਕੁਧਰਮ ਦਾ ਪੁਰਖ" ਇੱਕ ਬਹੁਤ ਹੀ ਅਸਲੀ ਰੂਪ ਵਿੱਚ ਵਿਰੋਧੀ ਹਨ, ਪਰ ਇਹੋ ਇੱਕ ਹੈ, ਪੌਲੁਸ ਨੇ ਕਿਹਾ, ਕਿ **ਪ੍ਰਭੂ** [ਯਿਸੂ] **ਦਗਧ ਕਰੇਗਾ**, ਜਾਂ ਹਰਾਏਗਾ। ਭਾਵੇਂ ਮਨੁੱਖ ਨੂੰ ਅਜਿੱਤ ਹੋਣਾ ਜਾਪ ਸਕਦਾ ਹੈ, ਪਰ ਪ੍ਰਭੂ **ਆਪਣੇ ਮੁਖ ਦੇ ਸਾਹ ਨਾਲ** ਜਿੱਤ ਨੂੰ ਹਾਸਲ ਕਰੇਗਾ (ਵੇਖੋ ਯਸਾਯਾਹ 11:4)। ਜੋ ਸੱਚਾਈ ਉਹ ਬੋਲਦਾ ਹੈ ਉਹ ਬੁਰਾਈ ਨੂੰ ਨਾਸ ਕਰੇਗੀ (ਵੇਖੋ ਪਰਕਾਸ਼ ਦੀ ਪੋਥੀ 1:16)।

ਇਸ ਤੋਂ ਇਲਾਵਾ, ਇਹ ਵਿਚਾਰ ਵੀ ਹੋ ਸਕਦਾ ਹੈ ਕਿ ਉਸ "ਪੁਰਖ" ਤੇ ਜਿੱਤ ਪਾਉਣਾ ਆਸਾਨ ਹੋਵੇਗਾ। ਮਸੀਹ ਨੂੰ ਉਸ ਦੇ ਵਿਰੁੱਧ ਲੜਾਈ ਨਹੀਂ ਕਰਨੀ ਪਵੇਗੀ; ਉਹ ਸਿਰਫ ਗੁਮਨਾਮੀ ਵਿੱਚ ਉਸ ਦੇ ਨਾਲ ਗੱਲ ਕਰੇਗਾ। ਉਹ "ਨਾਸ" ਕਰੇਗਾ, ਜਾਂ ਇਸ ਦੁਸ਼ਟ "ਕੁਧਰਮ ਦੇ ਪੁਰਖ" ਸ਼ਕਤੀਹੀਣ ਅਤੇ ਬੇਵੱਸ ਕਰ ਦੇਵੇਗਾ।

ਮਸੀਹ ਦੀ ਹਜ਼ੂਰੀ ਨੂੰ ਵੀ "ਚਮਕ" ਅਤੇ ਮਹਿਮਾ ਦੇ ਰਾਹੀਂ **ਆਪਣੇ ਆਉਂਣ ਦੇ ਪਰਕਾਸ਼** ਰਾਹੀਂ ਦਰਸਾਇਆ ਜਾਵੇਗਾ। "ਪਰਕਾਸ਼" ἐπιφάνεια (*ਏਪੀਫਾਨੇਈਆ*) ਤੋਂ ਹੈ ਅਤੇ "ਆਉਣ" ਇੱਕ ਹੋਰ ਮਿਸਾਲ παρουσία (*ਪਾਰੋਉਸੀਆ*) ਹੈ। *ਏਪੀਫਾਨੇਈਆ* ਦਾ ਅਨੁਵਾਦ "ਪਰਕਾਸ਼" ਮੈੱਕਕੋਰਡ ਦੇ ਦੁਆਰਾ ਕੀਤਾ ਗਿਆ ਹੈ।[12] ਅਸਲ ਵਿੱਚ ਇਸ ਦਾ ਅਰਥ, "ਅੱਗੇ ਚਮਕਣਾ"[13] ਹੈ। (ਮੱਤੀ 24:27; 1 ਤਿਮੋਥਿਉਸ 6:14; 2 ਤਿਮੋਥਿਉਸ 1:10 ਦੇ ਵਿੱਚ *ਏਪੀਫਾਨੇਈਆ* ਦੇ ਇਸਤੇਮਾਲ ਦੀ ਤੁਲਨਾ ਕਰੋ।)

ਯਿਸੂ ਦੀ ਮੌਜੂਦਗੀ "ਹਜ਼ੂਰੀ ਵਿਰੋਧੀ ਨੂੰ ਨਿਕੰਮਾ ਕਰ ਦੇਵੇਗੀ।"[14] ਇਸ "ਆਦਮੀ" ਦੇ ਰੂਪ ਵਿੱਚ ਦੁਸ਼ਟਤਾ ਕਿੰਨੀ ਹੀ ਸ਼ਕਤੀਸ਼ਾਲੀ ਅਤੇ ਸ਼ਾਨਦਾਰ ਕਿਉਂ ਨਾ ਜਾਪੇ, ਪਰ ਪ੍ਰਭੂ ਮੂਸਾ ਅਤੇ ਹਾਰੂਨ ਦੇ ਕੰਮਾਂ ਤੋਂ ਵੱਧ ਕੇ ਕੰਮ ਕਰਦਾ ਹੈ ਉਹ ਯੰਨੇਸ ਅਤੇ ਯੰਬਰੇਸ ਤੋਂ ਵੱਧ ਕੇ ਕੰਮ ਕਰੇਗਾ ਜਦੋਂ ਹਾਰੂਨ ਦੇ ਸੱਪ ਨੇ ਉਨ੍ਹਾਂ ਦੋਵਾਂ ਦੇ ਸੱਪਾਂ ਨੂੰ ਖਾ ਲਿਆ ਸੀ (ਕੂਚ 7:6–13; 2 ਤਿਮੋਥਿਉਸ 3:8)।

ਪੌਲੁਸ ਨੇ ਹੁਣ ਉਨ੍ਹਾਂ ਘਟਨਾਵਾਂ ਦੀਆਂ ਸੂਚੀਆਂ ਨੂੰ ਮੁਕਾ ਲਿਆ ਸੀ ਜੋ ਉਹ ਦੱਸ ਰਿਹਾ ਸੀ। ਪਹਿਲਾ, ਉਹ ਵਿਅਕਤੀ ਜਾਂ ਸ਼ਕਤੀ ਜੋ ਡੱਕ ਰਹੀ ਸੀ ਉਹ ਹਟਾ ਦਿੱਤੀ ਜਾਵੇਗੀ।

ਦੂਸਰਾ, "ਕੁਧਰਮ ਦਾ ਪੁਰਖ" ਪਰਗਟ ਹੋਵੇਗਾ। ਤੀਸਰਾ, ਮਸੀਹ ਦੂਸਰੀ ਵਾਰ ਆਵੇਗਾ ਅਤੇ "ਕੁਧਰਮ ਦਾ ਪੁਰਖ" ਨਾਸ ਕੀਤਾ ਜਾਵੇਗਾ ਅਤੇ ਧਰਤੀ ਦੀਆਂ ਚੀਜ਼ਾਂ ਨੂੰ ਖਤਮ ਕੀਤਾ ਜਾਵੇਗਾ।

ਹਾਲਾਂਕਿ ਪੌਲੁਸ ਨੇ ਨਿਸ਼ਚਤ ਰੂਪ ਵਿੱਚ ਅਜਿਹਾ ਨਹੀਂ ਕਿਹਾ, ਪਰ ਇੰਝ ਲੱਗਦਾ ਹੈ ਕਿ ਇਨ੍ਹਾਂ ਵਿੱਚੋਂ ਸਾਰੀਆਂ ਘਟਨਾਵਾਂ ਇੱਕ ਵਾਰ ਸ਼ੁਰੂ ਹੋ ਜਾਣ ਤੇ ਤੇਜ਼ੀ ਨਾਲ ਸਿਲਸਿਲੇਵਾਰ ਚੱਲਣਗੀਆਂ। ਵਿਨਾਸ ਦਾ ਵਰਣਨ ਕਰਨਾ ਸ਼ੁਰੂ ਕਰਨ ਤੋਂ ਬਾਅਦ, ਪੌਲੁਸ ਇਸ "ਪੁਰਖ" ਦੀਆਂ ਗਤੀਵਿਧੀਆਂ ਦੇ ਵਿਸ਼ੇ ਵਿੱਚ ਹੋਰ ਵੇਰਵਾ ਦੇਣ ਦੇ ਲਈ ਮੁੜਿਆ ਕਿ ਕਿਵੇਂ ਇਹ ਆਪਣੀਆਂ ਗਤੀਵਿਧੀਆਂ ਨੂੰ ਆਪਣੇ ਆਪ ਪਰਗਟ ਕਰੇਗਾ।

**ਆਇਤ 9.** "ਕੁਧਰਮ ਦਾ ਪੁਰਖ" **ਆਉਣਾ** ਇਕਦਮ ਪ੍ਰਭੂ ਦੇ ਵਾਂਗ, ਹੋਵੇਗਾ (παρουσία, *ਪਾਰੋਉਸੀਆ*)। ਦੋਵਾਂ ਦੇ ਆਉਣ ਦੇ ਲਈ ਇਕੋ ਹੀ ਯੂਨਾਨੀ ਸ਼ਬਦ ਵਰਤਿਆ ਗਿਆ ਹੈ ਜੋ ਇੱਕ ਸ਼ਾਨਦਾਰ ਘਟਨਾ ਦਾ ਵਰਣਨ ਕਰਦਾ ਹੈ। ਜੇਕਰ **ਉਸ** ਇੱਥੇ ਬੁਰਾਈ ਦਾ ਨੂੰ ਦਰਸਾਉਂਦਾ ਹੈ, ਤਾਂ ਇਹ ਬੁਰਾਈ ਦੀਆਂ ਕੁਝ ਤਾਕਤਾਂ ਦੀ ਅਸਲੀ ਜਿੱਤ ਉਲੇਖ ਕਰਦੇ ਹੋ ਸਕਦੇ ਹਨ। ਇਹ ਕੁਧਰਮੀ ਦਾ ਆਉਣਾ **ਸ਼ਤਾਨ ਦੇ ਅਮਲ ਅਨੁਸਾਰ** ਹੋਵੇਗਾ। ਜਿਵੇਂ ਪਹਿਲਾਂ ਤੋਂ ਹੀ ਵੇਖਿਆ ਗਿਆ ਹੈ, ਇਸ ਦਾ ਅਰਥ ਇਹ ਹੈ ਕਿ ਜੋ ਕੁਝ ਪੌਲੁਸ ਨੇ ਵੇਖਿਆ ਉਹ ਖੁਦ ਸ਼ਤਾਨ ਨਹੀਂ ਸੀ, ਪਰ "ਕੁਧਰਮ ਦਾ ਪੁਰਖ" ਦੇ ਕੰਮ ਸਨ ਜੋ ਸ਼ਤਾਨ ਦੇ ਨਾਲ ਸਹਿਮਤ ਹੋਏ ਹਨ। ਉਹ ਲੜਾਈ ਦਾ ਇਕ ਪਾਸਾ ਹੈ ਅਤੇ ਇਸ ਨੂੰ ਸ਼ਤਾਨ ਦੇ ਦੁਆਰਾ ਤਕੜਾ ਕੀਤਾ ਜਾਣਾ ਹੈ।

ਖਾਸ ਤੌਰ ਤੇ, ਉਸ ਦੀ ਸਰਗਰਮੀ **ਹਰ ਪ੍ਰਕਾਰ ਦੀ ਸ਼ਕਤੀ, ਝੂਠੀਆਂ ਨਿਸ਼ਾਨੀਆਂ ਅਤੇ ਅਚਰਜਾਂ** ਦੇ ਨਾਲ ਹੋਵੇਗਾ। "ਸ਼ਕਤੀ," "ਨਿਸ਼ਾਨੀਆਂ" ਅਤੇ "ਅਚਰਜਾਂ" ਯਿਸੂ ਅਤੇ ਉਸ ਦੇ ਰਸੂਲਾਂ ਦੀਆਂ ਗਤੀਵਿਧੀਆਂ ਦਾ ਵਰਣਨ ਕਰਨ ਦੇ ਲਈ ਇਸਤੇਮਾਲ ਕੀਤੇ ਗਏ ਸ਼ਬਦ ਹਨ (ਰਸੂਲਾਂ ਦੇ ਕਰਤੱਬ 2:22; ਇਬਰਾਨੀਆਂ 2:4 ਦੇ ਨਾਲ ਤੁਲਨਾ ਕਰਕੇ ਵੇਖੋ)। "ਸ਼ਕਤੀ" ("ਚਮਤਕਾਰ"; NIV) ਅਸਧਾਰਣ ਸ਼ਕਤੀ ਹੈ ਜੋ ਇਨ੍ਹਾਂ ਨੂੰ ਸਰਗਰਮ ਕਰਦੀ ਹੈ; "ਨਿਸ਼ਾਨੀਆਂ" ਉਨ੍ਹਾਂ ਦੇ ਦੁਆਰਾ ਆਪਣੇ ਆਪ ਤੋਂ ਗਹਿਰਾ ਕੁਝ ਕਰ ਸਕਣ ਦੇ ਚਰਿੱਤਰ ਵੱਲ ਧਿਆਨ ਦਿਵਾਉਣਾ; ਅਤੇ "ਅਚਰਜਾਂ" ਇਸ ਗੱਲ ਵੱਲ ਧਿਆਨ ਖਿੱਚਦਾ ਹੈ ਕਿ ਮਨੁੱਖ ਉਸ ਦਾ ਵਰਣਨ ਨਹੀਂ ਕਰ ਸਕਦੇ ਸਨ। ਪਰ, "ਕੁਧਰਮ ਦੇ ਪੁਰਖ" ਦੇ ਸਾਰੇ "ਅਚਰਜ" "ਝੂਠੇ" ਜਾਂ "ਨਾਟਕ" ਹਨ (RSV)।

ਕੀ ਇਸ ਦਾ ਇਹ ਅਰਥ ਹੈ ਕਿ ਉਹ ਅਸਲ ਵਿੱਚ ਇਹ ਅਚਰਜ ਕੰਮ ਬਿਲਕੁਲ ਵੀ ਨਹੀਂ ਹਨ, ਪਰ ਸਿਰਫ ਉਨ੍ਹਾਂ ਵਰਗੇ ਜਾਪਦੇ ਹਨ। NIV ਅਤੇ RSV ਦੇ ਅਨੁਵਾਦਕਾਂ ਨੇ ਸਪੱਸ਼ਟ ਤੌਰ ਤੇ ਅਜਿਹਾ ਸੋਚਿਆ ਹੈ। ਯੂਨਾਨੀ ਸ਼ਾਬਦਿਕ ਤੌਰ ਤੇ ਕਹਿੰਦੇ ਹਨ, "ਝੂਠ ਦੀਆਂ ਸਾਰੀਆਂ ਸ਼ਕਤੀਆਂ ਅਤੇ ਨਿਸ਼ਾਨੀਆਂ ਅਤੇ ਚਮਤਕਾਰ।" ਤਿੰਨ ਸ਼ਬਦ ਵਰਤੇ ਗਏ ਹਨ δύναμις (*ਡੁਨਾਮਿਸ,* "ਸ਼ਕਤੀ"), σημεῖον (*ਸੇਮੇਓਨ,* "ਨਿਸ਼ਾਨੀਆਂ") ਅਤੇ τέρας ψεῦδους (*ਟੇਰਾਸ ਪਸੇਉਡੋਉਸ,* "ਝੂਠ ਦੇ ਅਚਰਜ")। ਮੌਰਿਸ ਨੇ ਹੇਠ ਲਿਖੇ ਦੇ ਅਨੁਸਾਰ ਇਸ ਦੀ ਵਿਆਖਿਆ ਕੀਤੀ ਹੈ: "ਵਿਚਾਰ ਇਹ ਨਹੀਂ ਹੈ ਕਿ ਚਮਤਕਾਰ ਨਕਲੀ ਹਨ . . . ਇਸ ਲਈ ਇੱਥੇ ਕੋਈ ਵੀ ਚਮਤਕਾਰ ਨਹੀਂ ਹੈ। ਉਨ੍ਹਾਂ ਦੀ ਅਸਲੀਅਤ ਨੂੰ ਮੰਨਿਆ ਗਿਆ ਸੀ (ਕੀ ਸ਼ਤਾਨ ਨੇ ਘੱਟ ਕਰਨਾ ਸੀ?)। ਪੌਲੁਸ ਦੀ ਦਲੀਲ ਕੀ ਹੈ ਕੀ ਉਹ ਝੂਠ ਦੀ ਆਤਮਾ ਦੇ ਵਿੱਚ ਕੀਤਾ ਗਿਆ ਹੈ।"[15]

ਲੱਗਦਾ ਹੈ ਨਾਰਦੋਨੀ ਦੇ ਇਤਾਲੀਅਨ ਅਨੁਵਾਦ ਮੌਰਿਸ ਦੇ ਨਾਲ ਸਹਿਮਤ ਹਨ, ਪਰ ਮਸੀਹ ਦੇ ਦੁਆਰਾ ਮੱਤੀ 24:24 ਦੇ ਅਨੁਸਾਰ ਨਿਸ਼ਾਨੀਆਂ ਅਤੇ ਅਚਰਜਾਂ ਵਿੱਚ ਕੁਝ ਫਰਕ ਕੀਤਾ ਗਿਆ ਹੈ ਜੋ ਉਸ ਦੇ ਕਰਮਚਾਰੀਆਂ ਦੇ ਰਾਹੀਂ ਕੀਤੇ ਗਏ ਹਨ ਅਤੇ ਜੋ ਸ਼ਤਾਨ ਅਤੇ ਉਸ ਦੇ ਦੂਤਾਂ ਦੇ ਰਾਹੀਂ ਕੀਤੇ ਗਏ ਹਨ। ਚੁਣਿਆਂ ਹੋਇਆਂ ਨੂੰ ਧੋਖਾ ਦੇਣਾ ਸੰਭਵ ਨਹੀਂ ਹੈ (ਜੋ ਗੰਭੀਰਤਾ ਦੇ ਨਾਲ ਸੱਚ ਦੀ ਇੱਛਾ ਕਰਦੇ ਹਨ); ਪਰ ਹੋਰ ਲੋਕ ਜੋ ਗੰਭੀਰ ਨਹੀਂ ਹਨ ਉਹ ਅਜਿਹੇ ਕੰਮਾਂ ਦੇ ਰਾਹੀਂ ਧੋਖਾ ਖਾਂਦੇ ਹਨ (ਵੇਖੋ ਆਇਤ 10)।[16] ਇਸ ਲਈ, ਮੌਰਿਸ ਦੇ ਉਲਟ, ਅਸੀਂ ਇਹ ਸਿੱਟਾ ਕੱਢਦੇ ਹਾਂ ਕਿ ਗੰਭੀਰ ਮਸੀਹੀਆਂ ਦੇ ਰਾਹੀਂ ਸ਼ਤਾਨ ਦੇ ਦੁਆਰਾ ਕੀਤੇ ਗਏ ਅਚਰਜਾਂ ਦੇ ਝੂਠ ਦੇ ਰਾਹੀਂ ਫਰਕ ਕੀਤਾ ਜਾ ਸਕੇਗਾ। ਹੋਰ ਕਿਹੜਾ ਆਧਾਰ ਤੇ ਭੇਦ ਵਿੱਚ ਸਹਾਇਕ ਹੋਵੇਗਾ?

ਅੱਗੇ, ਜੇ "ਕੁਧਰਮ ਦੇ ਪੁਰਖ" ਨੂੰ ਲਗਾਤਾਰ ਮਸੀਹੀਆਂ ਦੇ ਵਿਚਕਾਰ ਅਸਲੀ ਚਮਤਕਾਰ ਕਰਨ ਦੀ (ਜਾਂ ਦੁਹਰਾਉਣ ਦੀ) ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਇੰਝ ਲੱਗਦਾ ਹੈ ਕਿ ਪਰਮੇਸ਼ੁਰ ਆਪਣੀਆਂ ਚਮਤਕਾਰੀ ਸ਼ਕਤੀਆਂ ਨੂੰ ਪਰਗਟ ਕਰਨ ਦੇ ਲਈ ਮਜ਼ਬੂਰ ਹੋ ਜਾਵੇਗਾ। ਪਰ, ਨਵੇਂ ਨੇਮ ਵਿੱਚ ਅਜਿਹਾ ਕੁਝ ਨਹੀਂ ਹੈ ਜੋ ਇਹ ਸੰਕੇਤ ਦੇਵੇ ਕਿ ਪਰਮੇਸ਼ੁਰ ਫਿਰ ਤੋਂ ਚਮਤਕਾਰ ਕਰੇਗਾ। ਇਹ ਤੱਥ ਵੀ ਉਸੇ ਸਿੱਟੇ ਵੱਲ ਮੁੜਦਾ ਹੈ ਕਿ ਜਾਹਲੀ "ਅਚਰਜਾਂ," ਜਾਂ ਧੋਖੇ ਦੇ ਗੈਰ-ਪ੍ਰਮਾਣਿਤ ਕੰਮਾਂ ਦੇ ਅਰਥ ਵਿੱਚ ਇਹ "ਅਚਰਜ" "ਝੂਠੇ" ਹਨ।

"ਝੂਠੇ" ਚਮਤਕਾਰਾਂ ਨੂੰ ਕੀ ਕਿਹਾ ਜਾ ਰਿਹਾ ਹੈ? ਸੰਭਵ ਤੌਰ ਤੇ ਉਹ ਜੋ "ਵਿਸ਼ਵਾਸੀ-ਚੰਗਾਈ" ਕਰਨ ਵਾਲੇ ਕਰਦੇ ਹਨ। ਨਿਸ਼ਚਤ ਤੌਰ ਤੇ ਜਦੋਂ ਅਸੀਂ ਇਸ ਕਿਸਮ ਦੇ "ਚਮਤਕਾਰ" ਦੀ ਤੁਲਨਾ ਮਸੀਹ ਅਤੇ ਉਸ ਦੇ ਰਸੂਲਾਂ ਦੇ ਦੁਆਰਾ ਕੀਤੇ ਗਏ ਚਮਤਕਾਰਾਂ ਦੇ ਨਾਲ ਕਰਦੇ ਹਾਂ, ਤਾਂ ਅੰਤਰ ਸਪੱਸ਼ਟ ਹੋ ਜਾਂਦਾ ਹੈ, ਬਿਲਕੁਲ ਜਿਵੇਂ ਸ਼ਮਊਨ ਦੇ "ਚਮਤਕਾਰਾਂ" ਦੀ ਤੁਲਨਾ ਫ਼ਿਲਿਪੁੱਸ ਦੇ ਨਾਲ ਕਰਨ ਦੇ ਨਾਲ ਹੋਇਆ (ਰਸੂਲਾਂ ਦੇ ਕਰਤੱਬ 8:9–19)। ਉਸ ਸਮੇਂ ਤੱਕ ਸ਼ਮਊਨ ਦਾ ਸ਼ਕਤੀ ਚੰਗੀ ਲੱਗਦੀ ਸੀ ਜਦੋਂ ਤੱਕ ਇਸ ਦੀ ਤੁਲਨਾ ਪਰਮੇਸ਼ੁਰ ਦੀ ਉਸ ਸ਼ਕਤੀ ਦੇ ਨਾਲ ਨਾ ਕੀਤੀ ਗਈ ਜੋ ਫ਼ਿਲਿਪੁੱਸ ਦੇ ਦੁਆਰਾ ਪਰਗਟ ਹੋਈ ਸੀ। ਪੌਲੁਸ ਨੇ ਹੋਰਨਾਂ ਤਰੀਕਿਆਂ ਦੇ ਵਰਣਨ ਕਰਨਾ ਜਾਰੀ ਰੱਖਿਆ ਜਿਨ੍ਹਾਂ ਦੇ ਰਾਹੀਂ ਕੁਧਰਮੀ ਆਦਮੀ ਆਪਣੇ ਆਪ ਨੂੰ ਪ੍ਰਦਰਸ਼ਿਤ ਕਰੇਗਾ।

**ਆਇਤ 10.** ਉਹ **ਕੁਧਰਮ ਦੇ ਹਰ ਪਰਕਾਰ ਦੇ ਛਲ ਨਾਲ** ਆਵੇਗਾ, ਬੁਰਾਈ ਦੀ ਹਰ ਪਰਕਾਰ ਦੀ ਯੋਜਨਾ ਦੀ ਕਲਪਨਾ ਕਰਕੇ। ਉਸ ਦਾ ਲਕਸ਼ ਲੋਕਾਂ ਨੂੰ ਧੋਖਾ ਦੇਣਾ ਹੋਵੇਗਾ। ਧੋਖਾ ਦੇਣ ਦੀਆਂ ਉਸ ਦੀਆਂ ਯੋਜਨਾਵਾਂ ਬਹੁਤ ਸਾਰੇ ਲੋਕਾਂ ਨੂੰ ਉਸ ਦੇ ਪਿੱਛੇ ਚੱਲਣ ਵਾਲੇ ਬਣਾਉਣ ਦੇ ਲਈ ਇਸਤੇਮਾਲ ਕੀਤਾ ਜਾਵੇਗਾ, ਪਰ ਇਹ ਚੇਲੇ ਕਿਸ ਵਰਗ ਦੇ ਹੋਣਗੇ? ਪੌਲੁਸ ਉਨ੍ਹਾਂ ਦਾ ਵਰਣਨ **ਜਿਹੜੇ ਨਾਸ ਹੋ ਰਹੇ ਹਨ** ਦੇ ਰੂਪ ਵਿੱਚ ਕਰਦਾ ਹੈ। RSV ਵਿੱਚ ਹੈ "ਉਹ ਜੋ ਨਾਸ ਹੋਣ ਵਾਲੇ ਹਨ।" ਦੁਸ਼ਟ ਦੇ "ਅਨੰਤ ਵਿਨਾਸ" ਦੇ ਲਈ ਨਾਸ ਕਰਨਾ ਜਾਂ ਤਬਾਹ ਕਰ ਦੇਣਾ (1:9)। ਇਹ ਉਹ ਲੋਕ ਹਨ ਜੋ ਪਹਿਲਾਂ ਤੋਂ ਹੀ ਉਸ ਰਾਹ ਤੇ ਹਨ ਜੋ "ਅਨੰਤ ਵਿਨਾਸ" ਨੂੰ ਜਾਂਦਾ ਹੈ।

ਪੌਲੁਸ ਨੇ ਇੱਕ ਮੌਜੂਦ ਯੂਨਾਨੀ ਅੰਸ਼ ਨੂੰ ਇਸਤੇਮਾਲ ਕੀਤਾ, τοῖς ἀπολλυμένοις (*ਟੋਇਸਅਪੋਲੂਮੇਨੋਇਸ*), ਜਿਸ ਦਾ ਅਰਥ ਹੈ "ਉਹ ਜੋ ਨਾਸ ਹੋ ਰਹੇ ਹਨ।"[17] ਇਸ ਦਾ ਅਨੁਵਾਦ "ਨਾਸਮਾਨ ਲੋਕ" ਵੀ ਕੀਤਾ ਜਾ ਸਕਦਾ ਹੈ।

ਕੁਦਰਤੀ ਪ੍ਰਸ਼ਨ ਇਹ ਹੋ ਸਕਦਾ ਹੈ: ਜੋ ਲੋਕ ਪਹਿਲਾਂ ਤੋਂ ਹੀ ਨਾਸ ਦੇ ਰਾਹ ਤੇ ਹਨ

ਉਨ੍ਹਾਂ ਨੂੰ ਸ਼ਤਾਨ ਕਿਉਂ ਧੋਖਾ ਦੇਣਾ ਚਾਹੁੰਦਾ ਹੈ? ਸਪੱਸ਼ਟ ਹੈ, ਕਿ ਉਹ ਚਾਹੁੰਦਾ ਹੈ ਕਿ ਉਨ੍ਹਾਂ ਨੂੰ ਪਾਪ ਅਤੇ ਭਰਮ ਦੀ ਮਹਾਨ ਡੂੰਘਿਆਈ ਵਿੱਚ ਲੈ ਜਾਵੇ ਤਾਂ ਕਿ ਉਨ੍ਹਾਂ ਦੇ ਲਈ ਉਸ ਦੀ ਪਕੜ ਵਿੱਚੋਂ ਨਿਕਲ ਸਕਣਾ ਹੋਰ ਵੀ ਮੁਸ਼ਕਲ ਹੋ ਜਾਵੇ। ਇਸ ਤੋਂ ਇਲਾਵਾ, ਸ਼ਾਇਦ ਉਹ ਚਾਹੁੰਦਾ ਹੈ, ਜਿਵੇਂ ਕੈਲਸੀ ਨੇ ਸੁਝਾਅ ਦਿੱਤਾ ਸੀ, "ਉਨ੍ਹਾਂ ਨੂੰ ਆਪਣੀ ਬਾਗੀ ਫ਼ੌਜੀ ਬਗਾਵਤ ਵਿੱਚ [ਉੱਦਮੀ ਕਰਮਚਾਰੀ ਦੇ ਰੂਪ ਵਿੱਚ] ਭਰਤੀ ਕਰਨਾ।"[18]

ਇਨ੍ਹਾਂ ਲੋਕਾਂ ਨੂੰ ਤਬਾਹੀ ਵੱਲ ਧੱਕੇ ਜਾਣ ਦਾ ਅਸਲੀ ਕਾਰਣ ਕੀ ਹੈ? ਪੌਲੁਸ ਨੇ ਕਿਹਾ ਕਿ ਅਜਿਹਾ ਇਸ ਲਈ ਸੀ ਕਿਉਂਕਿ ਉਨ੍ਹਾਂ ਨੇ **ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ**। ਕਿਸੇ ਬਿੰਦੂ ਤੇ ਇਨ੍ਹਾਂ ਲੋਕਾਂ ਨੇ ਪਿਆਰ ਕਰਨ ਤੋਂ ਇਨਕਾਰ ਕੀਤਾ ਅਤੇ ਇਸ ਲਈ ਸੱਚ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਜਾਣ ਬੁੱਝ ਕੇ ਉਸ ਨੂੰ ਰੱਦ ਕਰ ਦਿੱਤਾ ਜਿਸ ਦੇ ਬਾਰੇ ਉਹ ਜਾਣਦੇ ਸਨ ਕਿ ਸੱਚ ਹੈ, ਖੁਸ਼ਖਬਰੀ ਜਾਂ ਖੁਸ਼ਖਬਰੀ ਦਾ ਮਸੀਹ (ਅਫ਼ਸੀਆਂ 4:21 ਦੇ ਨਾਲ ਤੁਲਨਾ ਕਰੋ)। ਇਹ "ਉਨ੍ਹਾਂ ਦੇ ਦਿਲ ਦੇ ਰਵੱਈਏ . . . [ਜੋ] ਅਨੰਤ ਸਿੱਟਿਆਂ ਦੇ ਨਾਲ ਭਰਿਆ ਹੈ।"[19] ਜੋ ਸਚਿਆਈ ਨੂੰ ਪਿਆਰ ਕਰਦਾ ਹੈ **ਮੁਕਤੀ** ਪ੍ਰਾਪਤ ਕਰ ਸਕਦਾ ਹੈ, ਜਾਂ ਅਨੰਤ ਕਾਲ ਦੇ ਲਈ ਪਰਮੇਸ਼ੁਰ ਦੇ ਨਾਲ ਮੇਲ-ਮਿਲਾਪ ਕਰ ਲੈਂਦਾ ਹੈ, ਪਰ ਇਹ ਜਿਨ੍ਹਾਂ ਨੇ ਹੁਣ ਧੋਖਾ ਖਾਧਾ ਹੈ ਜਾਣ ਬੁੱਝ ਕੇ ਗਲਤ ਦਿਸ਼ਾ ਨੂੰ ਚੁਣਿਆ ਹੈ, ਜੋ ਪਰਮੇਸ਼ੁਰ ਦੇ ਨਾਲ ਮੇਲ–ਮਿਲਾਪ ਤੋਂ ਦੂਰ ਹੈ। ਇਹ ਉਸ ਕਿਸਮ ਦਾ ਵਿਅਕਤੀ ਹੈ ਜਿਸ ਦੇ ਬਾਰੇ ਅਗਲੀ ਆਇਤ ਵਿੱਚ ਦੱਸਿਆ ਗਿਆ ਹੈ।

**ਆਇਤ 11. ਸੋ ਇਸ ਕਰਕੇ** ਆਇਤ 10 ਦਾ ਉਲੇਖ ਕਰਦਾ ਹੈ ਕਿਉਂਕਿ ਉਨ੍ਹਾਂ ਨੇ ਪਿਆਰ ਅਤੇ ਸੱਚਾਈ ਨੂੰ ਸਵੀਕਾਰ ਨਾ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਲਈ, **ਪਰਮੇਸ਼ੁਰ ਓਹਨਾਂ ਉੱਤੇ ਧੋਖੇ ਦਾ ਅਸਰ ਘੱਲਦਾ ਹੈ।** "ਓਹਨਾਂ ਉੱਤੇ" "ਭਵਿਖਮੁਖੀ (ਭਵਿੱਖਸੂਚਕ) ਆਉਣ ਵਾਲੇ ਸਮਾਂ ਜਦੋਂ ਕੁਧਰਮੀ ਪਰਗਟ ਹੁੰਦਾ ਹੈ।"[20]

ਕਿਸ ਮਾਇਨੇ ਵਿੱਚ ਪਰਮੇਸ਼ੁਰ ਇਹੋ ਜਿਹੇ ਪ੍ਰਭਾਵ ਭੇਜਦਾ ਹੈ? ਇਸ ਮਾਇਨੇ ਵਿੱਚ ਕਿ ਉਹ ਜੋ ਇਸ ਸੰਸਾਰ ਦੇ ਨਾਟਕ ਤੇ ਨਿਯੰਤਰਣ ਰੱਖਦਾ ਹੈ ਅਤੇ ਉਸ ਨੇ ਇਹ ਹੁਕਮ ਦਿੱਤਾ ਹੈ ਕਿ ਜੋ ਵਿਅਕਤੀ ਮਸੀਹ ਦੇ ਅਤੇ ਸੱਚਾਈ ਦੇ ਵਿਰੁੱਧ ਫੈਸਲਾ ਲੈਂਦਾ ਹੈ ਉਸ ਦੇ ਕੋਲ ਜਾਣ ਦਾ ਸਿਰਫ ਇੱਕ ਹੋਰ ਰਸਤਾ ਹੈ-ਸ਼ਤਾਨੀ ਅਤੇ ਗਲਤ। ਉਹ ਸਿਧਾਂਤ ਦੇ ਲਈ ਆਪ ਜ਼ਿੰਮੇਵਾਰ ਹੈ ਹੋਣ ਦੇ ਅਰਥ ਵਿੱਚ ਜੋ ਇਹ ਕਹਿੰਦਾ ਹੈ ਕਿ ਸੱਚਾਈ ਨੂੰ ਤਿਆਗਣ ਵਾਲਾ ਝੂਠ ਦੇ ਪਿੱਛੇ ਚੱਲਦਾ ਹੈ, ਇਹ ਕਿਹਾ ਜਾ ਸਕਦਾ ਹੈ ਕਿ ਪਰਮੇਸ਼ੁਰ ਅਵਿਸ਼ਵਾਸੀ ਦੇ ਉੱਤੇ ਇੱਕ "ਧੋਖੇ ਦਾ ਅਸਰ" (RSV) ਘੱਲਦਾ ਹੈ **ਭਈ ਉਹ** [ਵਿਅਕਤੀ] **ਝੂਠ ਨੂੰ ਸੱਚ ਮੰਨਣ** [ਜਾਂ ਕਬੂਲ], ਕਿ "ਕੁਧਰਮ ਦਾ ਪੁਰਖ" ਪਰਮੇਸ਼ੁਰ ਹੈ (ਆਇਤ 4)।

ਇਹ ਸਮੱਸਿਆ ਕਿ ਕਿਵੇਂ ਪਰਮੇਸ਼ੁਰ, ਜੋ ਚੰਗਾ ਹੈ ਅਤੇ ਸਾਰੇ ਸੱਚਾਈ ਦਾ ਸਰੋਤ ਹੈ, ਕਿਸੇ ਤੇ "ਧੋਖੇ ਦਾ ਅਸਰ" ਭੇਜ ਸਕਦਾ ਹੈ ਕਿ ਕੋਈ ਮਨੁੱਖ ਜੋ ਇੱਕ ਝੂਠ ਤੇ "ਵਿਸ਼ਵਾਸ ਕਰੇਗਾ" ਗੁਰੂਤਾ ਆਕਸ਼ਣ ਬਲ ਦੇ ਕਾਨੂੰਨ ਵਿੱਚ ਪਰਮੇਸ਼ੁਰ ਦੇ ਕੰਮ ਦੇ ਸਮਾਂਤਰ ਜਾ ਸਕਦਾ ਹੈ। ਜਦੋਂ ਇੱਕ ਵਿਅਕਤੀ ਮਰਨ ਦੇ ਲਈ ਪਹਾੜ ਤੋਂ ਛਾਲ ਮਾਰਦਾ ਹੈ, ਤਾਂ ਕਿ ਪਰਮੇਸ਼ੁਰ ਨੇ ਉਸ ਨੂੰ ਮਰਨ ਦੇ ਲਈ "ਘੱਲਿਆ" ਹੈ ਜਾਂ ਉਹ ਖੁਦ ਆਪਣੇ ਆਪ ਨੂੰ ਮਾਰ ਰਿਹਾ ਹੈ? ਇਸ ਨੂੰ ਪੌਲੁਸ ਦੇ ਨਜ਼ਰੀਏ ਤੋਂ ਵੇਖਣ ਦੇ ਨਾਲ, ਪਰਮੇਸ਼ੁਰ ਅਜਿਹਾ ਇਸ ਲਈ ਕਰਦਾ ਹੈ ਕਿਉਂਕਿ ਉਸ ਨੇ ਗੁਰੂਤਾਕਰਸ਼ਣ ਦੇ ਕਾਨੂੰਨ ਨੂੰ ਗਤੀਸ਼ੀਲ ਹਾਲਤ ਵਿੱਚ ਰੱਖਿਆ ਹੈ। ਬੇਸ਼ੱਕ ਇਹ ਯਾਦ ਰੱਖਣ ਦੀ ਲੋੜ ਹੈ ਕਿ ਪਰਮੇਸ਼ੁਰ ਕਿਸੇ ਨੂੰ ਵੀ ਗੁਰੂਤਾਕਸ਼ਣ ਬਲ ਦੇ ਰਾਹੀਂ ਮਰਨ ਦੇ ਲਈ

ਨਹੀਂ "ਭੇਜਦਾ" ਹੈ ਜਿਸ ਨੇ ਪਹਿਲਾਂ ਤੋਂ ਹੀ ਇਹ ਫੈਸਲਾ ਨਾ ਲੈ ਲਿਆ ਹੋਵੇ ਕਿ ਉਹ ਆਪਣੇ ਜੀਵਨ ਨੂੰ ਪਿਆਰ ਨਹੀਂ ਕਰਦਾ ਹੈ। ਉਹ ਪਹਿਲਾਂ ਤੋਂ ਹੀ ਜੀਵਨ ਦੇ ਖਿਲਾਫ ਫੈਸਲਾ ਲੈ ਚੁੱਕਾ ਹੈ।

ਇਸ ਤਰੀਕੇ ਦੇ ਨਾਲ, ਪਰਮੇਸ਼ੁਰ ਕੁਝ ਲੋਕਾਂ ਤੇ ਭਰਮ ਅਤੇ ਝੂਠ ਤੇ ਵਿਸ਼ਵਾਸ ਕਰਨਾ "ਭੇਜਦਾ" ਹੈ। ਪਰਮੇਸ਼ੁਰ ਦੇ ਕਾਨੂੰਨ ਦੇ ਸੁਭਾਅ ਵਿੱਚ, ਇਹ ਪਾਇਆ ਜਾਂਦਾ ਹੈ ਕਿ ਕੁਝ ਲੋਕ ਝੂਠ ਤੇ ਵਿਸ਼ਵਾਸ ਕਰਣਗੇ ਅਤੇ ਨਾਸ ਕੀਤੇ ਜਾਣਗੇ ਅਤੇ ਪਰਮੇਸ਼ੁਰ ਆਪਣੇ ਵਿਨਾਸ਼ ਨੂੰ ਉਨ੍ਹਾਂ ਉੱਤੇ "ਘੱਲਦਾ" ਹੈ। ਇੱਕ ਵਾਰ ਫਿਰ, ਉਹ ਅਜਿਹਾ ਸਿਰਫ ਉਨ੍ਹਾਂ ਲੋਕਾਂ ਦੇ ਨਾਲ ਹੀ ਕਰਦਾ ਹੈ ਜਿਨ੍ਹਾਂ ਨੇ ਪਹਿਲਾਂ ਤੋਂ ਹੀ ਸੱਚਾਈ ਨੂੰ ਪਿਆਰ ਕਰਨਾ ਰੱਦਿਆ ਹੋਇਆ ਹੈ। ਕਿਉਂਕਿ ਉਨ੍ਹਾਂ ਨੇ ਸੱਚਾਈ ਦੇ ਮਾਰਗ ਤੋਂ ਇਨਕਾਰ ਕਰ ਦਿੱਤਾ ਹੈ, ਚੀਜ਼ਾਂ ਦੀ ਸੁਭਾਅ ਦੇ ਅਨੁਸਾਰ, ਉੱਥੇ ਸਿਰਫ ਇੱਕੋ ਹੋਰ ਰਾਹ ਹੈ ਜਿਸ ਤੇ ਉਹ ਚੱਲ ਸਕਦੇ ਹਨ: ਧੋਖਾ ਖਾਣ ਦਾ ਅਤੇ ਝੂਠ ਤੇ ਵਿਸ਼ਵਾਸ ਕਰਨ ਦਾ ਅਤੇ ਨਾਸ ਹੋਣ ਦਾ ਰਾਹ।

ਉਸ ਦ੍ਰਿਸ਼ਟੀਕੋਣ ਤੋਂ ਮਾਮਲੇ ਨੂੰ ਵੇਖਣ ਦੇ ਨਾਲ, ਪਰਮੇਸ਼ੁਰ ਨੇ ਫ਼ਿਰਊਨ ਦੇ ਦਿਲ ਨੂੰ ਵੀ ਕਠੋਰ ਕਰ ਦਿੱਤਾ ਸੀ (ਕੂਚ 9:12)। ਪਰਮੇਸ਼ੁਰ ਅਜਿਹਾ ਸਿਰਫ ਉਨ੍ਹਾਂ ਦੇ ਨਾਲ ਹੀ ਕੀਤਾ ਹੈ ਜੋ ਸੱਚਾਈ ਦਾ ਵਿਰੋਧ ਕਰਨ ਦਾ ਫੈਸਲਾ ਲੈ ਲੈਂਦੇ ਹਨ (ਆਇਤ 10); ਇਸ ਲਈ, ਹੋਰ ਅਰਥ ਵਿੱਚ, ਵਿਅਕਤੀ ਆਪ ਜ਼ਿੰਮੇਵਾਰ ਹੈ। ਬਾਈਬਲ ਇਹ ਵੀ ਕਹਿੰਦੀ ਹੈ, ਅਸਲ ਵਿੱਚ, ਫ਼ਿਰਊਨ ਨੇ ਆਪਣੇ ਦਿਲ ਨੂੰ ਕਠੋਰ ਕਰ ਲਿਆ ਸੀ (ਕੂਚ 8:32)। 2 ਥੱਸਲੁਨੀਕੀਆਂ 2 ਵਿੱਚ ਚਰਚਾ ਦੇ ਤਹਿਤ ਲੋਕਾਂ ਨੇ, ਜਿਵੇਂ ਕਿ ਪਹਿਲਾਂ ਤੋਂ ਹੀ ਨੋਟ ਕੀਤਾ ਗਿਆ ਹੈ, ਸੱਚਾਈ ਨੂੰ ਰੱਦ ਦੇਣ ਦਾ ਫੈਸਲਾ ਲੈ ਲਿਆ ਸੀ ਕਿਉਂਕਿ ਉਹ ਉਸ ਨੂੰ ਪਿਆਰ ਨਹੀਂ ਕਰਦੇ ਸਨ (ਆਇਤ 10)। ਇਸ ਲਈ, ਉਨ੍ਹਾਂ ਨੇ ਝੂਠ ਨੂੰ ਸਵੀਕਾਰ ਕੀਤਾ ਕਿ "ਕੁਧਰਮ ਦਾ ਪੁਰਖ" ਪਰਮੇਸ਼ੁਰ ਹੈ (ਆਇਤ 4)।

**ਆਇਤ 12.** ਇੱਕ ਵਾਰ ਜਦੋਂ ਇਨ੍ਹਾਂ ਲੋਕਾਂ ਨੇ "ਸੱਚਾਈ ਨੂੰ ਪਿਆਰ," ਨਾ ਕਰਨ ਦਾ ਫੈਸਲਾ ਲੈ ਲਿਆ, ਤਾਂ ਪਰਮੇਸ਼ੁਰ ਨੇ, ਆਪਣੇ ਸਥਾਪਤ ਕੀਤੇ ਕਾਨੂੰਨ ਦੇ ਰਾਹੀਂ, ਉਨ੍ਹਾਂ ਨੂੰ ਝੂਠ ਅਤੇ ਨਾਸ ਦੇ ਰਾਹ ਤੇ ਅੱਗੇ ਤੋਂ ਅੱਗੇ "ਭੇਜਦਾ" ਹੈ—ਸੱਚਾਈ ਅਤੇ ਮੁਕਤੀ ਦੇ ਰਾਹ ਤੋਂ ਬਿਨਾਂ ਸਿਰਫ ਇਹੋ ਇੱਕ ਰਸਤਾ ਹੈ- ਤਾਂ ਕਿ **ਓਹ ਸੱਭੇ ਦੋਸ਼ੀ ਠਹਿਰਨ** ਜਾਂ ਪੋਥੀਆਂ ਦੇ ਉਸ ਮਹਾਨ ਆਖਰੀ ਨਿਆਂ ਦਿਨ ਦੋਸ਼ੀ ਕਰਾਰ ਦਿੱਤੇ ਜਾਣ। ਇਸ ਕਾਰਵਾਈ ਨੂੰ ਅੱਗੇ ਲਿਜਾਇਆ ਜਾਵੇਗਾ ਕਿਉਂਕਿ ਉਨ੍ਹਾਂ ਨੇ **ਸੱਚ ਨੂੰ ਨਾ ਮੰਨਿਆ** ਅਤੇ ਜਦੋਂ ਇਨ੍ਹਾਂ ਨੂੰ ਸੁਸਮਾਚਾਰ ਸੁਣਾਇਆ ਗਿਆ ਤਾਂ ਉਨ੍ਹਾਂ ਨੇ ਝੂਠ ਦੇ ਰੂਪ ਵਿੱਚ ਸੁਸਮਾਚਾਰ ਦਾ ਇਨਕਾਰ ਕਰ ਦਿੱਤਾ ਸੀ (ਆਇਤ 10)। ਇਨ੍ਹਾਂ ਅਵਿਸ਼ਵਾਸੀਆਂ ਦਾ "ਨਿਆਂ" ਕੀਤਾ ਜਾਵੇਗਾ, ਜੋ ਯੂਨਾਨੀ ਸ਼ਬਦ κρίνω (*ਕ੍ਰੀਨੋ*) ਤੋਂ ਹੈ, ਜੋ 1:5 ਵਿੱਚ ਇਸਤੇਮਾਲ ਹੋਏ ਨਾਂਵ ਨਾਲ ਮੇਲ ਖਾਂਦਾ ਹੈ।[21] ਪੌਲੁਸ ਨੇ ਅਸਲੀ ਕਾਰਣ ਦੀ ਪੁਸ਼ਟੀ ਕੀਤੀ ਜੋ ਇਹ ਸੀ ਕਿ ਉਨ੍ਹਾਂ ਨੇ **ਕੁਧਰਮ ਉੱਤੇ ਪਰਸੰਨ ਰਹੇ**, ਜਾਂ "ਦੁਸ਼ਟਤਾ ਵਿੱਚ ਅਨੰਦ ਮਾਣਿਆ" (RSV)। ਆਇਤ 10 ਦੇ ਇਸ ਵਾਕ "ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ" ਦੀ ਤੁਲਨਾ (ਜ਼ਬੂਰਾਂ ਦੀ ਪੋਥੀ 1:2) ਦੇ ਧਰਮੀ ਪੁਰਖ ਨਾਲ ਕੀਤੀ ਜਾਂਦੀ ਹੈ ਉਹ ਜੋ "ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ" ਨਾਲ ਕਰੋ।

# ਧੰਨਵਾਦ ਅਤੇ ਚੇਤਾਵਨੀ (2:13-15)

**13ਪਰ ਹੇ ਭਰਾਵੋ, ਪ੍ਰਭੂ ਦੇ ਪਿਆਰਿਓ, ਸਾਨੂੰ ਚਾਹੀਦਾ ਹੈ ਜੋ ਤੁਹਾਡੇ ਲਈ ਸਦਾ ਪਰਮੇਸ਼ੁਰ ਦਾ ਧੰਨਵਾਦ ਕਰੀਏ ਇਸ ਕਰਕੇ ਜੋ ਪਰਮੇਸ਼ੁਰ ਨੇ ਆਦ ਤੋਂ ਹੀ ਤੁਹਾਨੂੰ ਚੁਣ ਲਿਆ ਭਈ ਤੁਹਾਨੂੰ ਆਤਮਾ ਤੋਂ ਪਵਿੱਤਰ ਹੋਣ ਨਾਲ ਅਤੇ ਸੱਚ ਨੂੰ ਮੰਨਣ ਨਾਲ ਮੁਕਤੀ ਹੱਥ ਆਵੇ। 14ਜਿਹ ਦੇ ਲਈ ਉਸ ਨੇ ਤੁਹਾਨੂੰ ਸਾਡੀ ਖੁਸ਼ ਖਬਰੀ ਦੇ ਰਾਹੀਂ ਸੱਦਿਆ ਭਈ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਪਰਾਪਤ ਹੋਵੇ। 15ਸੋ ਇਸ ਕਾਰਨ ਹੇ ਭਰਾਵੋ, ਕਾਇਮ ਰਹੋ ਅਤੇ ਉਨ੍ਹਾਂ ਰਵਾਇਤਾਂ ਨੂੰ ਜਿਹੜੀਆਂ ਤੁਸਾਂ ਭਾਵੇਂ ਜ਼ਬਾਨੀ ਭਾਵੇਂ ਸਾਡੀ ਪੱਤ੍ਰੀ ਤੋਂ ਸਿੱਖੀਆਂ ਫੜੀ ਰੱਖੋ।**

**ਆਇਤ 13. ਪਰ ਸਾਨੂੰ ਚਾਹੀਦਾ ਹੈ ਜੋ** [ਕਿਉਂਕਿ ਇਹ ਸਾਡਾ ਫਰਜ ਹੈ] **ਤੁਹਾਡੇ ਲਈ ਸਦਾ ਪਰਮੇਸ਼ੁਰ ਦਾ ਧੰਨਵਾਦ ਕਰੀਏ।** ਪਰਮੇਸ਼ੁਰ ਨੇ, ਮਸੀਹ ਦੇ ਰਾਹੀਂ, ਉਨ੍ਹਾਂ ਨੂੰ ਆਪਣੇ ਨਾਲ ਮਿਲਾਇਆ ਸੀ ਅਤੇ, ਇਸ ਵਿੱਚ ਉਸ ਨੇ ਇਸ ਗੱਲ ਨੂੰ ਸੰਭਵ ਕਰ ਦਿੱਤਾ ਕਿ ਉਨ੍ਹਾਂ ਦੇ ਉਸ ਦੇ ਲੋਕਾਂ ਜਿਵੇਂ ਪੌਲੁਸ ਵਰਗੇ ਲੋਕਾਂ ਦੇ ਨਾਲ ਨੇੜੇ ਦਾ ਸੰਬੰਧ ਸਥਾਪਤ ਹੋ ਸਕੇ (1:3 ਤੇ ਚਰਚਾ ਨੂੰ ਵੇਖੋ)। ਯਕੀਨੀ ਤੌਰ ਤੇ, ਸਾਨੂੰ ਆਪਣੇ **ਭਾਈਆਂ** ਦੇ ਲਈ ਧੰਨਵਾਦੀ ਹੋਣਾ "ਚਾਹੀਦਾ" ਹੈ। ਜਿਵੇਂ 1 ਥੱਸਲੁਨੀਕੀਆਂ 1:4 ਵਿੱਚ ਧਿਆਨ ਦਿੱਤਾ ਗਿਆ ਹੈ, "ਹੇ ਭਰਾਵੋ" ਇੱਕ ਪ੍ਰੇਮ ਭਰਿਆ ਸ਼ਬਦ ਹੈ ਜੋ ਪੌਲੁਸ ਨੇ ਅਕਸਰ ਇਸਤੇਮਾਲ ਕੀਤਾ ਸੀ-ਥੱਸਲੁਨੀਕੀਆਂ ਦੀਆਂ ਦੋਵਾਂ ਪੱਤ੍ਰੀਆਂ ਵਿੱਚ-20 ਵਾਰ ਤੋਂ ਜ਼ਿਆਦਾ ਵਾਰ।[22] ਕੀ ਸਾਨੂੰ ਇਸ ਦਾ ਹੋਰ ਵੀ ਇਸਤੇਮਾਲ ਨਹੀਂ ਕਰਨਾ ਚਾਹੀਦਾ ਹੈ?

ਸਾਰੇ ਲੋਕ **ਪ੍ਰਭੂ ਦੇ ਪਿਆਰੇ ਹਨ** (ਯੂਹੰਨਾ 3:16), ਪਰ ਸਿਰਫ ਮਸੀਹੀ, ਜਿਨ੍ਹਾਂ ਨੇ ਪਰਮੇਸ਼ੁਰ ਦੇ ਪਿਆਰ ਦੀ ਪਹਿਲ ਨੂੰ ਸਵੀਕਾਰ ਕੀਤਾ ਹੈ, ਇੱਕ ਖਾਸ ਅਰਥ ਵਿੱਚ "ਪ੍ਰਭੂ ਦੇ ਪਿਆਰੇ" ਹਨ (ਯਹੂਦਾਹ 21)। ਉਨ੍ਹਾਂ ਦੇ ਮਸੀਹ ਯਿਸੂ ਦੇ ਦੁਆਰਾ ਉਸ ਦੇ ਨਾਲ ਮੇਲ ਮਿਲਾਪ ਕਰ ਦਿੱਤਾ ਗਿਆ ਹੈ (2 ਕਰਿੰਥੀਆਂ 5:19)। ਇਹ ਕਹਿਣ ਦੇ ਦੁਆਰਾ ਪੌਲੁਸ ਪਰਮੇਸ਼ੁਰ ਦਾ ਨਿਰੰਤਰ ਧੰਨਵਾਦ ਕਰਨ ਦੇ ਲਈ ਮਜ਼ਬੂਰ ਕੀਤਾ ਗਿਆ **ਇਸ ਕਰਕੇ ਜੋ ਪਰਮੇਸ਼ੁਰ ਨੇ ਆਦ ਤੋਂ ਹੀ ਤੁਹਾਨੂੰ** [ਉਨ੍ਹਾਂ ਨੂੰ] **ਚੁਣ ਲਿਆ** [ਸੀ] **ਭਈ ਮੁਕਤੀ ਹੱਥ ਆਵੇ।** ਕੁਝ ਪੁਰਾਣੇ ਖਰੜਿਆਂ ਵਿੱਚ ਲਿਖਿਆ ਹੈ "ਆਦ ਤੋਂ ਹੀ" ਦੀ ਬਜਾਏ "ਪਰਮੇਸ਼ੁਰ ਨੇ ਤੁਹਾਨੂੰ ਆਪਣੇ ਪਹਿਲੇ ਫਲ ਹੋਣ ਦੇ ਲਈ ਚੁਣਿਆ ਹੈ।" (ਵੇਖੋ NEB ਟਿੱਪਣੀ)। ਉਸ ਨੇ ਲਿਖਿਆ:

> ਸੰਸਕਰਣ ਪੜ੍ਹਨ ਵਿੱਚ, ἀπαρξήν [*ਅਪਾਰਜ਼ੇਨ*], "ਇੱਕ ਪਹਿਲੇ ਫਲ ਦੇ ਵਾਂਗ," ਨੂੰ ਕੁਝ ਟਿੱਪਣੀਕਾਰਾਂ ਦੇ ਦੁਆਰਾ ਪਸੰਦ ਕੀਤਾ ਜਾਂਦਾ ਹੈ। ਅਰਥ ਅਜੇ ਆਉਣ ਵਾਲਿਆਂ ਦੇ ਨਾਲ ਪਹਿਲਾ ਉਲਟ ਸ਼ਬਦ ਹੋਵੇਗਾ . . . ਦੋਵਾਂ ਰੂਪਾਂ ਨੇ ਖੜਰਿਆਂ ਦਾ ਚੰਗਾ ਸਮਰਥਨ ਕੀਤਾ ਹੈ। ਪ੍ਰਤਿਲਿਪੀ ਦੀ ਸੰਭਾਵਨਾ ਦਾ ਪੱਖ ਲਿਆ ਜਾ ਸਕਦਾ ਹੈ ["ਆਦ ਤੋਂ ਹੀ"], ਕਿਉਂਕਿ ਇਹ ਵਿਸ਼ੇਸ਼ ਪੌਲੀਨ ਸਮੀਕਰਨ ਨਹੀਂ ਹੈ . . . ।[23]

ਜੇਕਰ ਸਾਨੂੰ "ਆਦ ਤੋਂ ਹੀ" ਪੜ੍ਹਣ ਦੇ ਲਈ ਚੁਣਨਾ ਹੋਵੇ, ਤਾਂ ਅਸੀਂ ਜ਼ਰੂਰ ਆਖ ਸਕਦੇ ਹਾਂ, "ਕਿਸ ਦੇ ਆਦ ਤੋਂ?" ਕੀ ਇਹ ਪੌਲੁਸ ਦੇ ਸੇਵਕਾਈ ਦਾ ਆਦ ਸੀ, ਜਾਂ ਪਰਮੇਸ਼ੁਰ ਦੇ ਮੁਕਤੀ ਦੇ ਮਕਸਦ ਦਾ ਆਦ ਸੀ? ਜੇਕਰ "ਆਦ ਤੋਂ ਹੀ" ਪੜ੍ਹਨਾ ਸਹੀ ਹੈ, ਤਾਂ ਸ਼ਾਇਦ ਪੌਲੁਸ ਦੀ ਸੇਵਕਾਈ ਦੇ ਆਦ ਤੋਂ ਹੀ ਸਹੀ ਹੈ। ਪਰ, "ਆਦ ਤੋਂ ਹੀ" ਸਭ ਤੋਂ ਉੱਤਮ ਹੱਲ ਪ੍ਰਤੀਕ ਨਹੀਂ

ਹੁੰਦਾ ਹੈ। ਇਸ ਦੀ ਬਜਾਏ, ਸਭ ਤੋਂ ਸਹੀ ਪੜਣਾ "ਉਸ ਦੇ ਪਹਿਲਾ ਫਲਾਂ ਦੇ ਰੂਪ ਵਿੱਚ।" ਅਸਲ ਵਿੱਚ, UBS ਅਨੁਵਾਦ "ਪਹਿਲੇ ਫਲਾਂ ਦੇ ਰੂਪ ਵਿੱਚ" ਨੂੰ B ਦਰਜਾ ਦੇ ਕੇ ਸਮਰਥਨ ਕਰਦਾ ਹੈ।[24] ਇਸ ਨੂੰ ਪੜਣ ਦੇ ਨਾਲ, "ਪਹਿਲੇ ਫਲ" ਮਕਦੂਨਿਯਾ ਦੇ ਪਹਿਲਾਂ ਮਸੀਹੀ ਬਣੇ ਵਿਅਕਤੀਆਂ ਦਾ ਉਲੇਖ ਕਰਦਾ ਹੈ। ਜੇਕਰ ਇਹ ਅਜਿਹਾ ਹੈ ਤਾਂ ਪਰਮੇਸ਼ੁਰ ਨੇ ਇਨ੍ਹਾਂ ਪਹਿਲੇ ਵਿਸ਼ਵਾਸੀਆਂ ਨੂੰ ਕਦੋਂ "ਚੁਣਿਆ" ਹੋਵੇਗਾ?

ਪੌਲੁਸ ਦੀਆਂ ਲਿਖਤਾਂ ਦੇ ਹੋਰਨਾਂ ਬੰਦਾਂ ਦੇ ਨਾਲ ਤੁਲਨਾ ਕਰਨ ਦੇ ਦੁਆਰਾ ਜੋ ਇਸੇ ਧਾਰਣਾ ਦੇ ਨਾਲ ਵਿਵਹਾਰ ਕਰਦੇ ਹਨ, ਇਹ ਸ਼ਾਇਦ ਮਨੁੱਖ ਦੀ ਮੁਕਤੀ ਦੇ ਲਈ ਪਰਮੇਸ਼ੁਰ ਦੀ ਯੋਜਨਾ ਅਤੇ ਮਕਸਦ ਦੀ ਸ਼ੁਰੂਆਤ ਹੋਵੇਗੀ। ਇਸ ਵਿਚਾਰ ਦੀ ਤੁਲਨਾ ਅਫ਼ਸੀਆਂ 1:4 (NIV) ਦੇ ਨਾਲ ਕਰੋ, ਜਿੱਥੇ ਪੌਲੁਸ ਨੇ ਕਿਹਾ ਸੀ, "ਉਸ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ . . . ।" (ਵੇਖੋ ਅਫ਼ਸੀਆਂ 3:5–9; 1 ਕੁਰਿੰਥੀਆਂ 2:7 ਵੀ ਵੇਖੋ।) ਅਫ਼ਸੀਆਂ 1:4 ਇਸ ਤੱਥ ਨੂੰ ਰੇਖਾਂਕਿਤ ਕਰਦਾ ਹੈ ਕਿ ਪਰਮੇਸ਼ੁਰ ਨੇ ਮਸੀਹੀਆਂ ਨੂੰ "ਜਗਤ ਦੀ ਰਚਨਾ ਤੋਂ ਪਹਿਲਾਂ ਹੀ ਚੁਣਿਆ ਹੈ," ਅਤੇ ਅਫ਼ਸੀਆਂ 3:5–9 ਇਸ ਤੱਥ ਨੂੰ ਰੇਖਾਂਕਿਤ ਕਰਦਾ ਹੈ ਕਿ ਇਸ ਚੁਣੇ ਹੋਏ ਸਮੂਹ ਵਿੱਚ ਗੈਰ ਯਹੂਦੀ ਵੀ ਸ਼ਾਮਲ ਹਨ। ਪਰਮੇਸ਼ੁਰ ਨੇ ਪਹਿਲਾਂ ਤੋਂ ਹੀ ਮਨੁੱਖ ਦੇ ਪਤਨ ਅਤੇ ਜੋ ਲੋਕ ਆਗਿਆਕਾਰੀ ਕਰਣਗੇ ਉਨ੍ਹਾਂ ਨੂੰ ਛੁਟਕਾਰਾ ਦੇਣ ਲਈ ਆਪਣੇ ਪੁੱਤਰ ਨੂੰ ਦੇ ਦੇਣ ਦੀ ਲੋੜ ਨੂੰ ਵੇਖਿਆ। ਇਸ ਲਈ, ਭਵਿੱਖ ਨੂੰ ਵੇਖ ਲੈਣ ਵਾਲੀ ਆਪਣੀ ਚਮਤਕਾਰੀ ਸ਼ਕਤੀ ਦੇ ਨਾਲ, ਉਸ ਨੇ ਕੁਝ ਲੋਕਾਂ ਨੂੰ "ਬਚਾਏ ਜਾਣ" ਦੇ ਲਈ "ਚੁਣ" ਲਿਆ ਸੀ।

ਜਾਹਿਰ ਤੌਰ ਤੇ, ਇਹ, ਮਨੁੱਖ ਦੀ ਚੋਣ ਦੇ ਸਵਾਲ ਨੂੰ ਪੈਦਾ ਕਰਦਾ ਹੈ। ਜੇਕਰ ਪਰਮੇਸ਼ੁਰ ਪਹਿਲਾਂ ਤੋਂ ਹੀ ਵੇਖ ਅਤੇ ਚੁਣ ਸਕਦਾ ਹੈ, ਤਾਂ ਕਿ ਉਹ ਸਾਡੀ ਆਜ਼ਾਦ ਮਰਜ਼ੀ ਵਿੱਚ ਦਖਲਅੰਦਾਜ਼ੀ ਨਹੀਂ ਕਰਦਾ ਹੈ? ਤਾਂ ਕਿ ਅਸੀਂ ਪਹਿਲਾਂ ਤੋਂ ਹੀ ਮੁਕਤੀ ਜਾਂ ਨਰਕ ਵਿੱਚ ਜਾਣ ਦੇ ਆਪਣੇ ਭਾਗ ਵਿੱਚ ਬਿਨਾਂ ਆਪਣੀ ਚੋਣ ਕੀਤੇ ਬਿਨਾਂ ਹੀ ਬੱਝ ਨਹੀਂ ਗਏ ਹਾਂ? ਬਿਲਕੁਲ ਨਹੀਂ। ਪਰਮੇਸ਼ੁਰ ਵਿਅਕਤੀਆਂ ਨੂੰ ਨਹੀਂ ਚੁਣਦਾ ਹੈ; ਉਸ ਨੇ ਸਿਰਫ ਲੋਕਾਂ ਦੇ ਵਿਆਪਕ ਵਰਗੀਕਰਣ ਨੂੰ "ਚੁਣਿਆ" ਹੈ। ਇੱਥੋਂ ਤੱਕ ਕਿ ਪੁਰਾਣੇ ਨੇਮ ਦੇ ਸਮੇਂ ਵੀ, ਉਸ ਦੇ ਅਸਲੀ "ਚੁਣੇ ਹੋਏ" ਲੋਕ ਉਹ ਸਨ ਜੋ ਨਬੀਆਂ ਦੁਆਰਾ ਦਿੱਤੇ ਗਏ ਉਸ ਦੇ ਵਚਨ ਨੂੰ ਚੁਣਦੇ ਸਨ (ਬਿਵਸਥਾ ਸਾਰ 18:14–20)। ਨਿਸ਼ਚਤ ਤੌਰ ਤੇ ਇਹ ਸਭ ਨਬੀਆਂ ਤੋਂ ਵੱਡੇ ਨਬੀ ਯਿਸੂ ਮਸੀਹ ਦੇ ਲਈ ਵੀ ਉੱਨਾ ਹੀ ਸੱਚ ਸੀ (ਇਬਰਾਨੀਆਂ 5:8, 9), ਜਿਸ ਨੇ ਕਿਸੇ ਵੀ ਗੈਰ ਕੌਮ ਦੇ ਵਿਅਕਤੀ ਨੂੰ ਜੋ ਪਰਮੇਸ਼ੁਰ ਦੀ ਆਗਿਆਕਾਰੀ ਕਰੇਗਾ ਆਪਣੇ ਨਾਲ ਸ਼ਾਮਲ ਕਰਨਾ ਸੀ (ਵੇਖੋ ਰੋਮੀਆਂ 9:23–26, ਜੋ ਹੋਸ਼ੇਆ 1:10; 2:23 ਦਾ ਹਵਾਲਾ ਦਿੰਦਾ ਹੈ)। ਅਸਲੀਅਤ ਵਿੱਚ ਜੋ ਕਿਹਾ ਗਿਆ ਜਾ ਰਿਹਾ ਹੈ ਕਿ ਪਰਮੇਸ਼ੁਰ ਨੇ, ਜਗਤ ਦੀ ਰਚਨਾ ਤੋਂ ਪਹਿਲਾਂ ਕੀਤਾ ਸੀ, ਉਹ ਸੀ ਉਨ੍ਹਾਂ ਲੋਕਾਂ ਨੂੰ ਬਚਾਉਣਾ ਜੋ ਮਸੀਹ ਦੀ ਆਗਿਆਕਾਰੀ ਕਰਣਗੇ ਅਤੇ ਉਨ੍ਹਾਂ ਲੋਕਾਂ ਦੇ ਨਾਸ ਕਰਨਾ ਜੋ ਉਸ ਦੀ ਆਗਿਆਕਾਰੀ ਨਹੀਂ ਕਰਣਗੇ। ਹਰ ਇੱਕ ਵਿਅਕਤੀ ਇਹ ਫੈਸਲਾ ਕਰਨ ਦੇ ਲਈ ਆਜ਼ਾਦ ਹੈ ਕਿ ਉਹ ਕਿਸ ਵਰਗੀਕਰਣ ਵਿੱਚ ਆਪਣੇ ਆਪ ਨੂੰ ਰੱਖੇਗਾ। ਇਸ ਲਈ, ਪਰਮੇਸ਼ੁਰ ਨੇ ਰਚਨਾ ਤੋਂ ਪਹਿਲਾਂ, ਇਨ੍ਹਾਂ ਦੋਵਾਂ ਸਮੂਹਾਂ ਨੂੰ ਚੁਣਿਆ ਅਤੇ ਫੈਸਲਾ ਕਰਨ ਦੇ ਲਈ ਸਾਨੂੰ ਵਿਚਕਾਰ ਰੱਖਿਆ ਹੈ ਕਿ ਅਸੀਂ ਕਿਸ ਰਾਹ ਤੇ ਜਾਣਾ ਹੈ? ਇਹ ਸਾਡੀ ਚੋਣ ਤੇ ਨਿਰਭਰ ਕਰਦਾ ਹੈ। (ਚਾਰਟ ਨੂੰ ਵੇਖੋ "ਪਰਮੇਸ਼ੁਰ ਨੇ ਕੀ ਕੀਤਾ ਹੈ" ਸਫਾ 50 ਤੇ।)

ਪਰਮੇਸ਼ੁਰ ਨੇ ਉਨ੍ਹਾਂ ਥੱਸਲੁਨੀਕੀਆਂ ਨੂੰ "ਮੁਕਤੀ ਦੇ ਲਈ" ਚੁਣਿਆ ਕਿਉਂਕਿ ਉਨ੍ਹਾਂ ਨੇ ਸੱਚਾਈ ਦੀ ਪਾਲਣਾ ਕੀਤੀ ਅਤੇ ਇਸ ਪ੍ਰਕਾਰ ਆਪਣੇ ਆਪ ਨੂੰ ਉਸ ਵਰਗ ਦੇ ਲੋਕਾਂ ਵਿੱਚ ਸ਼ਾਮਲ ਕੀਤਾ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਬਚਾਏ ਜਾਣ ਦੇ ਲਈ ਚੁਣਿਆ ਹੈ। ਜਦੋਂ ਉਨ੍ਹਾਂ ਨੇ ਸੱਚਾਈ ਨੂੰ ਸੁਣਿਆ ਤਾਂ ਉਨ੍ਹਾਂ ਨੇ ਉਸ ਨੂੰ ਪਿਆਰ ਕੀਤਾ, ਉਨ੍ਹਾਂ ਚੇਲਿਆਂ ਤੋਂ ਇਕਦਮ ਉਲਟ ਸਨ ਜਿਨ੍ਹਾਂ "ਦੁਸ਼ਟ ਲੋਕਾਂ" ਨੇ "ਸਚਿਆਈ ਦੇ ਪ੍ਰੇਮ" ਦਾ ਇਨਕਾਰ ਕੀਤਾ ਸੀ (ਆਇਤਾਂ 8, 10)। ਪੌਲੁਸ ਨੇ ਅੱਗੇ ਕਿਹਾ ਕਿ ਇਹ ਥੱਸਲੁਨੀਕੇ ਦੇ ਲੋਕ ਦੋ ਚੀਜ਼ਾਂ ਦੇ **ਤੋਂ** ਬਚਾਏ ਗਏ ਸਨ। ਪਹਿਲੀ, **ਆਤਮਾ ਤੋਂ ਪਵਿੱਤਰ ਹੋਣ ਨਾਲ** ਪਰਮੇਸ਼ੁਰ ਦੀ ਵੱਲੋਂ, **ਸੱਚ ਨੂੰ ਮੰਨਣ ਦੇ ਦੁਆਰਾ** ਮਨੁੱਖੀ ਪੱਖ ਤੋਂ। "ਆਤਮਾ ਤੋਂ ਪਵਿੱਤਰ ਹੋਣ" ਦੇ ਰਾਹੀਂ, ਪੌਲੁਸ ਉਸ ਕੰਮ ਦਾ ਹਵਾਲਾ ਦੇ ਰਿਹਾ ਸੀ ਜੋ ਵਚਨ ਦੇ ਦੁਆਰਾ ਪਵਿੱਤਰ ਆਤਮਾ ਨੇ ਕੀਤਾ ਸੀ। ਯਿਸੂ ਨੇ ਪ੍ਰਾਰਥਨਾ ਕੀਤੀ, "ਓਹਨਾਂ ਨੂੰ ਸਚਿਆਈ ਨਾਲ ਪਵਿੱਤਰ ਕਰ। ਤੇਰਾ ਬਚਨ ਸਚਿਆਈ ਹੈ" (ਯੂਹੰਨਾ 17:17) ਅਤੇ ਪੌਲੁਸ ਨੇ ਸਾਨੂੰ ਕਿਹਾ ਕਿ "ਆਤਮਾ ਦੀ ਤਲਵਾਰ . . . ਜੋ ਪਰਮੇਸ਼ੁਰ ਦੀ ਬਾਣੀ ਹੈ" (ਅਫ਼ਸੀਆਂ 6:17)। ਇਹ ਇਨ੍ਹਾਂ ਬੰਦਾਂ ਤੋਂ ਸਪੱਸ਼ਟ ਹੈ ਕਿ ਪਰਮੇਸ਼ੁਰ ਦਾ ਵਚਨ ਦੇ ਸਾਧਨ ਦੇ ਦੁਆਰਾ, ਆਤਮਾ ਪਵਿੱਤਰ ਕਰਦਾ ਹੈ, ਜਾਂ ਪਵਿੱਤਰ ਬਣਾਉਂਦਾ ਹੈ। ਇਹ ਮਨ ਪਰਿਵਰਤਨ ਦੇ ਬਿੰਦੂ ਤੇ ਸ਼ੁਰੂਆਤੀ ਭਾਵਨਾ ਵਿੱਚ ਵਾਪਰਦਾ ਹੈ (1 ਕੁਰਿੰਥੀਆਂ 1:2) ਅਤੇ ਇੱਕ ਨਿਰੰਤਰ ਅਰਥ ਵਿੱਚ ਜਦੋਂ ਆਤਮਾ ਮਸੀਹੀਆਂ ਦੇ ਜੀਵਨਾਂ ਵਿੱਚ ਅੰਤਿਮ ਮੁਕਤੀ ਲਈ ਕੰਮ ਕਰਦਾ ਰਹਿੰਦਾ ਹੈ (1 ਯੂਹੰਨਾ 1:7; ਤੁਲਨਾ ਕਰੋ 1 ਪਤਰਸ 1:2)। ਇਹ ਕੰਮ ਪਰਮੇਸ਼ੁਰ ਦੇ ਵੱਲੋਂ ਹੈ। ਮਨੁੱਖ ਦੇ ਵੱਲੋਂ "ਸੱਚ ਵਿੱਚ ਵਿਸ਼ਵਾਸ ਕਰਨਾ।" "ਕੁਧਰਮ ਦਾ ਪੁਰਖ" ਦੇ ਝੂਠ ਤੇ ਵਿਸ਼ਵਾਸ ਕਰਨ ਦੀ ਬਜਾਏ (ਆਇਤ 4) ਇਨ੍ਹਾਂ ਥੱਸਲੁਨੀਕੀਆਂ ਨੇ ਪਰਮੇਸ਼ੁਰ ਦੀ ਸੱਚਾਈ ਤੇ ਵਿਸ਼ਵਾਸ ਕੀਤਾ, ਜਿਸ ਦੇ ਮੁਤਾਬਕ ਯਿਸੂ ਪ੍ਰਭੂ ਹੈ, ਨਾ ਕਿ "ਕੁਧਰਮ ਦਾ ਪੁਰਖ।" ਇਸ ਸੱਚਾਈ ਤੇ ਵਿਸ਼ਵਾਸ ਕਰਨ ਦੇ ਦੁਆਰਾ, ਯਿਸੂ ਨੇ ਵਾਇਦਾ ਕੀਤਾ ਕਿ ਮਨੁੱਖ ਪਾਪ ਤੋਂ ਬਚਾਇਆ ਜਾਵੇਗਾ (ਯੂਹੰਨਾ 8:32).

**ਪਰਮੇਸ਼ੁਰ ਨੇ ਕੀ ਕੀਤਾ ਹੈ**

ਤੁਸੀਂ?

ਮੈਂ?

| | | |
|---|---|---|
| **ਚੁਣੇ ਹੋਏ ਸਾਰੇ**<br>***ਆਗਿਆਕਾਰੀ***<br>**ਬਚਾਏ ਜਾਣ ਲਈ** | "ਜਿਹੜਾ ਚਾਹੇ ਅੰਮ੍ਰਿਤ ਜਲ ਮੁਫਤ ਲਵੇ"<br>(ਪਰਕਾਸ਼ ਦੀ ਪੋਥੀ 22:17) | **ਚੁਣੇ ਹੋਏ ਸਾਰੇ**<br>***ਅਣਆਗਿਆਕਾਰੀ***<br>**ਗੁਆਚ ਜਾਣ ਦੇ ਲਈ** |

ਭਈ ਤੁਹਾਨੂੰ ਆਤਮਾ ਤੋਂ
ਪਵਿੱਤਰ ਹੋਣ ਨਾਲ ਅਤੇ
ਸੱਚ ਨੂੰ ਮੰਨਣ ਦੇ ਨਾਲ
"ਮੁਕਤੀ ਹੱਥ ਆਵੇ"
(2 ਥੱਸਲੁਨੀਕਿਆਂ 2:13)।

**ਆਇਤ 14. ਉਹ** ਪਰਮੇਸ਼ੁਰ ਪਿਤਾ ਦਾ ਹਵਾਲਾ ਦਿੰਦਾ ਹੈ ਆਇਤ 13 ਵਿੱਚ ਜਿਸ ਦਾ ਉਲੇਖ ਕੀਤਾ ਗਿਆ ਹੈ। ਪਰਮੇਸ਼ੁਰ ਪਿਤਾ ਨੇ ਥੱਸਲੁਨੀਕੇ ਦੇ ਲੋਕਾਂ ਨੂੰ **ਸੱਦਿਆ**, ਜਾਂ ਸੱਦਾ ਦਿੱਤਾ ਕਿ ਉਹ ਉਹ ਦੇ ਮਾਰਗ ਤੇ ਚੱਲਣ (ਰਸੂਲਾਂ ਦੇ ਕਰਤੱਬ 17:1–4)। "ਜਿਵੇਂ ਉੱਪਰ ਦਾ 'ਚੁਣਿਆ,' 'ਸੱਦਿਆ,'" καλέω (*ਕਾਲੇਓ*) ਤੋਂ ਹੈ, "ਬਿੰਦੂ ਕਾਲ ਹੈ, ਜੋ ਇੱਕ ਇਕੱਲੇ ਕਾਰਜ ਬਾਰੇ ਦੱਸ ਰਿਹਾ ਹੈ। 1 ਥੱਸਲੁਨੀਕੀਆਂ 2:12; 5:24 ਤੁਲਨਾ ਵਰਤਮਾਨ ਦੇ 'ਸੱਦਿਆ' ਨਾਲ ਕਰੋ।"[25] ਉਨ੍ਹਾਂ ਨੂੰ **ਖੁਸ਼ ਖਬਰੀ ਦੇ ਰਾਹੀਂ** "ਬੁਲਾਇਆ ਗਿਆ ਸੀ।" ਪੌਲੁਸ ਆਪਣੇ ਆਪ ਨੂੰ ਕਹਿ ਸਕਦਾ ਸੀ ਅਤੇ ਆਪਣੇ ਸਹਿਕਰਮੀਆਂ ਨੂੰ ਕਹਿ ਸਕਦਾ ਸੀ ਕਿ "ਖੁਸ਼ਖਬਰੀ" ਜਾਂ ਸੁਸਮਾਚਾਰ ਉਨ੍ਹਾਂ ਦਾ ਹੈ ਕਿਉਂਕਿ ਉਨ੍ਹਾਂ ਨੇ ਇਸ ਨੂੰ ਲਿਆ ਹੋਇਆ ਹੈ ਅਤੇ ਇਸ ਦੀ ਘੋਸ਼ਣਾ ਕਰਨ ਦੀ ਜ਼ਿੰਮੇਵਾਰੀ ਲੈ ਲਈ ਹੈ।

ਇਸ ਗੱਲ ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਇਸ ਯੁੱਗ ਵਿੱਚ ਪਰਮੇਸ਼ੁਰ ਦਾ ਲੋਕਾਂ ਨੂੰ ਮਸੀਹੀ ਬਣਨ ਲਈ ਬੁਲਾਉਣ ਦਾ ਆਮ ਤਰੀਕਾ ਸਵਰਗ ਤੋਂ ਇੱਕ ਸਿੱਧਾ ਪ੍ਰਕਾਸ਼ਨ ਨਹੀਂ ਹੈ, ਸਗੋਂ ਖੁਸ਼ਖਬਰੀ ਦੇ ਸੰਦੇਸ਼ ਦੇ ਪ੍ਰਚਾਰ ਹੈ। ਉਹ ਸੰਦੇਸ਼ ਸਾਡੇ ਅੰਦਰ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ ਜਦੋਂ ਅਸੀਂ ਇਸ ਦਾ ਪਾਲਣ ਕਰਦੇ ਹਾਂ।

ਪਰਮੇਸ਼ੁਰ ਨੇ ਉਨ੍ਹਾਂ ਨੂੰ ਖੁਸ਼ਖਬਰੀ ਦੇ ਸਾਧਨ ਦੇ ਦੁਆਰਾ ਇਸ ਲਈ ਬੁਲਾਇਆ ਹੈ ਤਾਂ ਕਿ ਉਹ **ਸਾਡੇ ਪ੍ਰਭੁ ਯਿਸੂ ਮਸੀਹ ਦੀ ਮਹਿਮਾ ਪ੍ਰਾਪਤ** [ਜਾਂ ਹਿੱਸਾ ਮਿਲਾ] **ਹੋਵੇ**। ਇੱਕ ਅਰਥ ਵਿੱਚ, ਮਸੀਹੀ ਪਹਿਲਾਂ ਤੋਂ ਹੀ, ਇਸ ਧਰਤੀ ਤੇ ਰਹਿੰਦੇ ਹੋਏ ਹੀ, ਯਿਸੂ ਮਸੀਹ ਦੀ "ਮਹਿਮਾ," ਆਦਰ, ਜਾਂ ਮਾਣ ਭਾਗੀ ਹੋ ਗਏ ਹਨ। ਅਸੀਂ "ਤੇਜ ਤੋਂ ਤੇਜ ਤੀਕ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ" (2 ਕੁਰਿੰਥੀਆਂ 3:18)। ਇਸ ਤੋਂ ਵੀ ਇੱਕ ਮਹਾਨ ਅਰਥ ਵਿੱਚ ਅਸੀਂ "ਮਹਿਮਾ ਨੂੰ ਪ੍ਰਾਪਤ" ਕਰਾਂਗੇ ਜਦੋਂ ਉਹ ਦੁਬਾਰਾ ਆਵੇਗਾ। ਰੋਮੀਆਂ 8:18, ਕਹਿੰਦੀ ਹੈ "ਉਸ ਪਰਤਾਪ ਨਾਲ ਜੋ ਸਾਡੀ ਵੱਲ ਪਰਕਾਸ਼ ਹੋਣ ਵਾਲਾ ਹੈ" ਅਤੇ ਅੱਗੇ ਕਹਿੰਦੀ ਹੈ ਕਿ "ਇਸ ਵਰਤਮਾਨ ਸਮੇਂ ਦੇ ਦੁਖ ਉਸ ਪਰਤਾਪ ਨਾਲ ਜੋ ਸਾਡੀ ਵੱਲ ਪਰਕਾਸ਼ ਹੋਣ ਵਾਲਾ ਹੈ ਮਿਚਾਉਣ ਦੇ ਜੋਗ ਨਹੀਂ" (NIV)। ਇਸ ਬਾਅਦ ਦੇ ਬੰਦ ਵਿੱਚ, ਪੌਲੁਸ ਸਰਿਸ਼ਟੀ ਦੇ ਵਿਸ਼ੇ ਵਿੱਚ ਬੋਲਣ ਲੱਗਾ "ਜੋ ਸਰਿਸ਼ਟੀ ਆਪ ਵੀ ਬਿਨਾਸ ਦੀ ਗੁਲਾਮੀ ਤੋਂ ਛੁੱਟ ਕੇ ਪਰਮੇਸ਼ੁਰ ਦੇ ਬਾਲਕਾਂ ਦੀ ਵਡਿਆਈ ਦੀ ਅਜ਼ਾਦੀ ਨੂੰ ਪ੍ਰਾਪਤ ਕਰੇ" (ਰੋਮੀਆਂ 8:21)। ਕੁਲੁੱਸੀਆਂ 3:4 ਅਤੇ ਫ਼ਿਲਿੱਪੀਆਂ 3:21 "ਸ਼ਾਨਦਾਰ ਸਰੀਰ" (NIV) ਦਾ ਵਰਣਨ ਕਰਦੇ ਹਨ ਜੋ ਸਾਨੂੰ ਮਿਲੇਗਾ। ਆਇਤ 14 ਵਿੱਚ, ਯਿਸੂ ਨੂੰ "ਸਾਡਾ" ਪ੍ਰਭੁ ਯਿਸੁ ਮਸੀਹ ਕਿਹਾ ਗਿਆ ਹੈ, ਜੋ ਮਸੀਹੀਆਂ ਦੇ ਆਪਣੇ ਆਪ ਨਾਲ ਦੇ ਨਜ਼ਦੀਕ ਦੇ ਰਿਸ਼ਤੇ ਦਾ ਸੰਕੇਤ ਦੇ ਰਿਹਾ ਹੈ।

**ਆਇਤ 15. ਸੋ ਇਸ ਕਾਰਨ** ਇਸ ਤੱਥ ਨੂੰ ਦੁਬਾਰਾ ਦਰਸਾਉਂਦਾ ਹੈ ਕਿ ਜਿਵੇਂ ਉਨ੍ਹਾਂ ਦੇ ਸਾਹਮਣੇ ਉਸ "ਮਹਿਮਾ" ਦੀ ਉਮੀਦ ਹੈ (ਆਇਤ 14 ਵੇਖੋ), ਉਹ **ਕਾਇਮ ਰਹੋ** ਅਤੇ "ਛੇਤੀ ਨਾ ਡੋਲੋ" (ਆਇਤ 2) ਜਾਂ **ਰਵਾਇਤਾਂ ਨੂੰ ਜਿਹੜੀਆਂ ਤੁਸਾਂ ਭਾਵੇਂ ਜ਼ਬਾਨੀ ਭਾਵੇਂ ਪੱਤ੍ਰੀ ਤੋਂ ਸਿੱਖੀਆਂ ਫੜੀ ਰੱਖੋ**। ਉਨ੍ਹਾਂ ਨੂੰ ਉਸ ਸਿੱਖਿਆ ਨੂੰ ਦ੍ਰਿੜਤਾ ਦੇ ਨਾਲ ਫੜੀ ਰੱਖਣਾ ਸੀ ਜੋ ਪੌਲੁਸ ਅਤੇ ਉਸ ਦੇ ਸਾਥੀਆਂ ਨੇ ਉਨ੍ਹਾਂ "ਸੌਂਪੀ ਸੀ" (NIV)। ਇਹ ਰਵਾਇਤਾਂ ਉਸ ਸਮੇਂ ਜਦੋਂ ਪੌਲੁਸ ਥੱਸਲੁਨੀਕੇ ਵਿੱਚ ਮੌਜੂਦ ਸੀ "ਜ਼ਬਾਨੀ ਬੋਲ ਕੇ" (ਰਸੂਲਾਂ ਦੇ ਕਰਤੱਬ 17:1), "ਜਾਂ ਪੱਤ੍ਰੀ ਦੇ ਦੁਆਰਾ" ਉਨ੍ਹਾਂ ਨੂੰ ਪ੍ਰਸਾਰਿਤ ਕੀਤੀਆਂ ਗਈਆਂ ਸਨ ਜਦੋਂ ਪੌਲੁਸ ਨੇ ਪਹਿਲੀ ਪੱਤ੍ਰੀ ਥੱਸਲੁਨੀਕੇ ਦੇ ਲੋਕਾਂ ਨੂੰ ਲਿਖੀ ਇਸ ਪੱਤ੍ਰੀ ਨੂੰ ਲਿਖਣ ਤੋਂ ਕੁਝ ਮਹੀਨੇ ਪਹਿਲੇ।

ਯੂਨਾਨੀ ਸ਼ਬਦ ਜਿਸ ਦਾ ਅਨੁਵਾਦ "ਰਵਾਇਤਾਂ" ਜਾਂ "ਸਿੱਖਿਆਵਾਂ" ਕੀਤਾ ਗਿਆ ਸੀ

(NIV) ਉਹ παράδοσις (*ਪੈਰਾਡੋਸਿਸ*) ਹੈ, ਜਿਸ ਦਾ ਅਰਥ "ਸੌਂਪਣਾ ਜਾਂ ਦੇਣਾ।"[26] ਉਸ ਦਾ ਵਿਚਾਰ "ਸੌਂਪਣਾ" ਜਾਂ ਕੋਈ ਚੀਜ਼ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦੇ ਹੱਥਾਂ ਵਿੱਚ ਦੇ ਦੇਣਾ। ਡੇਵਿਡ ਜੇ. ਵਿਲੀਅਮਜ਼ ਨੇ ਕਿਹਾ:

> ਇਸ ਵਚਨ ਦਾ ਮਹੱਤਵ ਸਿਰਫ ਇਸ ਗੱਲ ਵਿੱਚ ਨਹੀਂ ਹੈ ਕਿ ਇਹ ਮਸੀਹੀ ਸਿੱਖਿਆ ਦੇ ਇੱਕ ਸਰੀਰ ਹੈ ਜਿਸ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦੇ ਵਿੱਚ ਪਹੁੰਚਾਇਆ ਗਿਆ ਸੀ (1 ਕੁਰਿੰਥੀਆਂ 11:23; 15:3), ਪਰ ਇਸ ਦੀ ਸਿੱਖਿਆ ਚਰਚ ਦੇ ਲਈ ਪ੍ਰਮਾਣਿਕ ਹੈ ਅਤੇ ਸਿੱਖਿਅਕ ਦੇ ਉੱਪਰ ਹੈ।[27]

ਸ਼ਬਦ, ਆਪਣੇ ਆਪ ਦੇ ਵਿੱਚ ਅਤੇ ਆਪਣੇ ਆਪ ਦੇ ਲਈ, ਨਾ ਤਾਂ ਬੁਰਾ ਹੁੰਦਾ ਹੈ ਨਾ ਹੀ ਚੰਗਾ ਹੁੰਦਾ ਹੈ। ਕੀ ਇਹ ਰਵਾਇਤਾਂ ਚੰਗੀਆਂ ਹਨ ਜਾਂ ਮਾੜੀਆਂ ਹਨ ਇਹ ਉਸ ਸਾਧਨ ਤੇ ਨਿਰਭਰ ਕਰਦਾ ਹੈ ਜਿਸ ਤੋਂ ਇਹ ਵਿਸ਼ੇਸ਼ ਸਿੱਖਿਆਵਾਂ ਆਈਆਂ ਹਨ। ਉਦਾਹਰਣ ਦੇ ਤੌਰ ਤੇ, ਇਸ ਬੰਦ ਦੀਆਂ "ਰਵਾਇਤਾਂ" (ਜਿਵੇਂ 3:6 ਵਿੱਚ ਵੀ ਹੈ) ਸਪੱਸ਼ਟ ਰੂਪ ਵਿੱਚ ਚੰਗੀਆਂ ਹਨ ਅਤੇ ਇਸ ਲਈ ਇਨ੍ਹਾਂ ਨੂੰ ਮੰਨਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਪ੍ਰੇਰਣਾ ਪਾਏ ਹੋਏ ਰਸੂਲਾਂ ਕੋਲੋਂ ਪ੍ਰਾਪਤ ਹੋਈਆਂ ਹਨ। ਪਰ, ਕੁਝ "ਰਵਾਇਤਾਂ" ਨੂੰ ਤਿਆਗ ਦੇਣਾ ਚਾਹੀਦਾ ਹੈ ਕਿਉਂਕਿ ਉਹ ਆਮ ਲੋਕਾਂ ਕੋਲੋਂ ਮਿਲੀਆਂ ਹਨ ਅਤੇ ਸਾਡੀ ਅਰਾਧਨਾ ਨੂੰ "ਵਿਅਰਥ" ਕਰ ਦੇਣਗੀਆਂ (ਮੱਤੀ 15:1–9)। (ਵੇਖੋ ਚਾਰਟ "ਪਰੰਪਰਾਵਾਂ ਨੂੰ ਮੰਨਣਾ (2 ਥੱਸਲੁਨੀਕੀਆਂ 2:15)" ਸਫਾ 53 ਤੇ।

ਕੈਥੋਲਿਕ ਲੋਕ ਇਸ ਬੰਦ (ਆਇਤ 15) ਦਾ ਹਵਾਲਾ ਦਿੰਦੇ ਹਨ ਤਾਂ ਕਿ ਇਸ ਗੱਲ ਨੂੰ ਸਾਬਤ ਕਰ ਸਕਣ ਕਿ ਅੱਜ ਮਸੀਹੀਆਂ ਲਈ ਜ਼ਰੂਰੀ ਹੈ ਕਿ ਉਹ ਸਿਰਫ ਲਿਖਿਤ ਨਵੇਂ ਨੇਮ ਨੂੰ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਮੌਖਿਕ ਸਿੱਖਿਆਵਾਂ ਜਾਂ ਰਵਾਇਤਾਂ ਨੂੰ ਜਿਵੇਂ ਸਵਰਗ ਵਿੱਚ ਮਰੀਯਮ ਦੀ ਧਾਰਣਾ ਨੂੰ ਮੰਨਣ। ਪਰ, ਜਿਵੇਂ ਉੱਪਰ ਉਲੇਖ ਕੀਤਾ ਗਿਆ ਹੈ, ਕਿਹੜੀ ਚੀਜ਼ ਹੈ ਜੋ ਇੱਕ ਰਵਾਇਤ (ਜਾਂ ਸਿੱਖਿਆ) ਨੂੰ ਚੰਗਾ ਜਾਂ ਬੁਰਾ ਬਣਾਉਂਦੀ ਹੈ ਉਹ ਇਸ ਦਾ ਸਰੋਤ ਹੈ। ਸਵਾਲ ਇਹ ਹੈ "ਕੀ ਇੱਕ ਰਵਾਇਤ ਦਾ ਪਤਾ ਲਗਾਇਆ ਜਾ ਸਕਦਾ ਹੈ ਕਿ ਉਸ ਦੇ ਪਿੱਛੇ ਇੱਕ ਪ੍ਰੇਰਿਤ ਆਦਮੀ ਸੀ ਕਿ ਨਹੀਂ ਸੀ?" ਮਰੀਅਮ ਦੀ ਧਾਰਣਾ ਨਹੀਂ ਹੋ ਸਕਦੀ; ਇਸ ਲਈ, ਇਸ ਨੂੰ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ।

ਈ. ਵੀ. 51 ਜਾਂ 52 ਵਿੱਚਲੇ ਥੱਸਲੁਨੀਕੇ ਦੀ ਅਤੇ ਸਾਡੀ ਸਥਿਤੀ ਵਿਚਕਾਰ ਬੁਨਿਆਦੀ ਫਰਕ ਇਹ ਹੈ ਕਿ ਉਸ ਸਮੇਂ ਪਰਮੇਸ਼ੁਰ ਦਾ ਸਾਰਾ ਵਚਨ ਲਿਖਿਆ ਹੋਇਆ ਨਹੀਂ ਸੀ। ਉਨ੍ਹਾਂ ਨੂੰ ਅੰਸ਼ਿਕ ਰੂਪ ਵਿੱਚ ਮੌਖਿਕ ਸਿੱਖਿਆ ਤੇ ਨਿਰਭਰ ਕਰਨਾ ਚਾਹੀਦਾ ਸੀ। ਲਗਭਗ 95 ਈ. ਵੀ. ਦੇ ਸਮੇਂ, ਜਦੋਂ ਯੂਹੰਨਾ ਨੇ ਪਰਕਾਸ਼ ਦੀ ਪੋਥੀ ਲਿਖੀ, ਲਿਖਣ ਦਾ ਕੰਮ ਪੂਰੀ ਹੋ ਗਿਆ। ਉਸ ਸਮੇਂ ਤੋਂ, ਸਾਰੀਆਂ "ਰਵਾਇਤਾਂ" ਜੋ ਸਹੀ ਸਾਧਨ ਤੋਂ ਆਈਆਂ ਸਨ—ਪਰਮੇਸ਼ੁਰ ਦੇ ਰਾਹੀਂ ਪ੍ਰੇਰਿਤ ਕੀਤੇ ਲੋਕਾਂ ਦੇ ਦੁਆਰਾ—ਉਹ ਪਵਿੱਤਰ ਸ਼ਾਸਤਰ ਦੇ ਵਿੱਚ ਪਾਈਆਂ ਜਾਂਦੀਆਂ ਹਨ। ਇਸ ਲਈ, ਸਿੱਖਿਆਵਾਂ ਦਾ ਪਾਲਣ ਕਰਨ ਦਾ ਹੁਕਮ ਲਾਗੂ ਹੈ "ਮੂੰਹ ਦੇ ਰਾਹੀਂ ਕਹੇ ਗਏ ਵਚਨ" ਹੁਣ ਅਗਾਂਹ ਤੋਂ ਸਾਡੇ ਤੇ ਲਾਗੂ ਨਹੀਂ ਹਨ।

**ਪਰੰਪਰਾਵਾਂ ਨੂੰ ਮੰਨਣਾ**
(2 ਥੱਸਲੁਨੀਕੀਆਂ 2:15)

**ਪਰੰਪਰਾਵਾਂ (=ਸਿੱਖਿਆਵਾਂ) ਹਨ:**

| **ਕਈ ਵਾਰ** | **ਕਈ ਵਾਰ** |
|---|---|
| ***ਬੁਰਾ*** | ***ਚੰਗਾ*** |
| ਮੱਤੀ 15:2, 3, 6<br>(ਤੁਲਨਾ ਕਰਕੇ ਵੇਖੋ ਆਇਤ 9) | 2 ਥੱਸਲੁਨੀਕੀਆਂ 2:15<br>2 ਥੱਸਲੁਨੀਕੀਆਂ 3:6<br>1 ਕੁਰਿੰਥੀਆਂ 11:2 |
| *ਸੋਮਾ*:<br>ਆਦਮੀਆਂ<br>ਮੱਤੀ 15:9 | *ਸੋਮਾ*:<br>*ਪਰਮੇਸ਼ੁਰ ਵੱਲੋਂ*<br>*ਰਸੂਲਾਂ ਦੁਆਰਾ*<br>1 ਕੁਰਿੰਥੀਆਂ 11:2 |

# ਥੱਸਲੁਨੀਕੇ ਦੇ ਲੋਕਾਂ ਦੇ ਲਈ ਪ੍ਰਾਰਥਨਾ (2:16, 17)

**[16]ਹੁਣ ਸਾਡਾ ਪ੍ਰਭੁ ਯਿਸੂ ਮਸੀਹ ਆਪ ਅਤੇ ਸਾਡਾ ਪਿਤਾ ਪਰਮੇਸ਼ੁਰ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਕਿਰਪਾ ਕਰ ਕੇ ਸਾਨੂੰ ਸਦੀਪਕਾਲ ਦੀ ਤਸੱਲੀ ਅਤੇ ਭਲੀ ਆਸਾ ਦਿੱਤੀ। [17]ਤੁਹਾਡੇ ਮਨਾਂ ਨੂੰ ਸ਼ਾਂਤੀ ਦੇਵੇ ਅਤੇ ਓਹਨਾਂ ਨੂੰ ਹਰੇਕ ਸ਼ੁਭ ਕਰਮ ਅਤੇ ਬਚਨ ਵਿੱਚ ਦ੍ਰਿੜ ਕਰੇ।**

**ਆਇਤ 16.** ਪੌਲੁਸ ਨੇ ਆਪਣੇ ਥੱਸਲੁਨੀਕੇ ਦੇ ਭਾਈਆਂ ਨੂੰ ਕਿਹਾ ਕਿ "ਕਾਇਮ ਰਹੋ," ਪਰ ਉਹ ਜਾਣਦਾ ਸੀ ਕਿ ਇਹ ਸਿਰਫ ਉਨ੍ਹਾਂ ਤੇ ਹੀ ਨਿਰਭਰ ਨਹੀਂ ਕਰਦਾ ਸੀ। ਇਸ ਲਈ ਉਸ ਨੇ ਪ੍ਰਾਰਥਨਾ ਕੀਤੀ ਕਿ **ਸਾਡਾ ਪ੍ਰਭੁ ਯਿਸੂ ਮਸੀਹ ਆਪ** ਉਹ ਵਿਅਕਤੀਗਤ ਤੌਰ ਤੇ— ਅਤੇ ਸਾਡਾ **ਪਿਤਾ ਪਰਮੇਸ਼ੁਰ**, ਜਿਸ ਨੇ ਮਸੀਹੀਆਂ ਨੂੰ "ਪੁੱਤਰਾਂ" ਦੇ ਵਾਂਗ ਗੋਦ ਲਿਆ ਹੈ [ਉਨ੍ਹਾਂ ਦੀ ਮਦਦ ਕਰੇ] (ਰੋਮੀਆਂ 8:12–17)।

ਕੁਝ ਲੋਕ ਦਾਅਵਾ ਕਰਦੇ ਹਨ ਕਿ ਇਹ ਪੱਤ੍ਰੀ ਪੌਲੁਸ ਦੀ ਨਹੀਂ ਹੈ, ਕਿਉਂਕਿ ਇਸ ਬੰਦ ਵਿੱਚ ਮਸੀਹ ਦਾ ਨਾਮ ਪਰਮੇਸ਼ੁਰ ਤੋਂ ਪਹਿਲੇ ਆਇਆ ਹੈ, ਉਸ ਦੇ ਉਲਟ, ਉਦਾਹਰਣ ਦੇ ਤੌਰ ਤੇ, 1 ਥੱਸਲੁਨੀਕੀਆਂ 3:11, ਜਿੱਥੇ ਪਰਮੇਸ਼ੁਰ ਦਾ ਉਲੇਖ ਪਹਿਲਾਂ ਕੀਤਾ ਗਿਆ ਹੈ। ਪਰ, ਜਿਵੇਂ ਧਿਆਨ ਦਿੱਤਾ ਗਿਆ ਹੈ, ਕਿਉਂਕਿ ਪੌਲੁਸ ਉਨ੍ਹਾਂ ਦੇ ਲਈ ਪ੍ਰਾਰਥਨਾ ਕਰ ਰਿਹਾ ਸੀ ਅਤੇ ਯਿਸੂ ਉਨ੍ਹਾਂ ਦਾ "ਵਿਚੋਲਾ" ਹੈ (1 ਤਿਮੋਥਿਉਸ 2:5), ਇੱਥੇ ਸ਼ਬਦ ਕ੍ਰਮ ਦਾ ਕੋਈ ਅਰਥ ਨਹੀਂ ਹੈ। ਪੌਲੁਸ ਨੇ 2 ਕੁਰਿੰਥੀਆਂ 13:14 ਅਤੇ ਗਲਾਤੀਆਂ 1:1 ਵਿੱਚ ਵੀ ਮਸੀਹ ਦਾ ਨਾਮ ਪਹਿਲਾਂ ਲਿਆ ਹੈ।

ਇਹ ਮਹਾਨ "ਪਿਤਾ" ਜਿਸ ਦੇ ਸਾਹਮਣੇ ਪੌਲੁਸ ਪ੍ਰਾਰਥਨਾ ਕਰ ਰਿਹਾ ਸੀ ਉਹ ਹੈ **ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ** (ਯੂਹੰਨਾ 3:16) ਅਤੇ **ਕਿਰਪਾ ਕਰ ਕੇ**, ਜਾਂ ਉਸ ਦੇ ਨਹੱਕ ਦਯਾ ਦੇ ਰਾਹੀਂ, ਸਾਨੂੰ "ਅਨੰਤ ਦਿਲਾਸਾ" ਦਿੱਤਾ ਹੈ (NIV)। NASB ਨੇ **ਦਿਲਾਸਾ** ਅਨੁਵਾਦ ਕੀਤਾ

ਹੈ, ਪਰ "ਤਸੱਲੀ" ਬੇਹਤਰ ਅਨੁਵਾਦ ਹੈ। ਇਹ "ਤਸੱਲੀ" ਸਾਨੂੰ ਕਦੀ ਵੀ ਨਹੀਂ ਛੱਡੇਗੀ। ਇਹ **ਸਦੀਪਕਾਲ** ਦੀ ਤਸੱਲੀ ਹੈ, ਜੋ ਸਾਡੇ ਨਾਲ ਰਹੇਗੀ, ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ। ਇਸ ਤੋਂ ਇਲਾਵਾ, ਪੌਲੁਸ ਨੇ ਕਿਹਾ ਕਿ ਪਰਮੇਸ਼ੁਰ ਨੇ ਸਾਨੂੰ **ਭਲੀ ਆਸਾ** ਦਿੱਤੀ, ਉਹੀ ਆਸਾ ਜਿਸ ਦੇ ਵਿਸ਼ੇ ਵਿੱਚ ਪੌਲੁਸ ਨੇ ਹੁਣੇ 2:14 ਵਿੱਚ ਗੱਲ ਕੀਤੀ ਸੀ, ਅਰਥਾਤ, ਆਪਣੀ "ਮਹਿਮਾ" ਵਿੱਚ ਹਿੱਸੇ ਦੀ ਆਸ। ਤੀਤੁਸ 2:13 ਵਿੱਚ, ਪੌਲੁਸ ਨੇ ਸਾਨੂੰ ਕਰਨ ਦੇ ਲਈ ਯਾਦ ਦਿਵਾਉਂਦਾ ਹੈ "ਅਤੇ ਉਸ ਸ਼ੁਭ ਆਸ ਦੀ ਅਤੇ ਆਪਣੇ ਮਹਾਂ ਪਰਮੇਸ਼ੁਰ ਅਤੇ ਮੁਕਤੀ ਦਾਤਾ, ਯਿਸੂ ਮਸੀਹ ਦੇ ਤੇਜ ਦੇ ਪਰਗਟ ਹੋਣ ਦੀ ਉਡੀਕ ਰੱਖੀਏ।"

**ਆਇਤ 17.** ਇਨ੍ਹਾਂ ਭਾਈਆਂ ਦੇ ਲਈ ਪੌਲੁਸ ਨੇ ਜੋ ਪ੍ਰਾਰਥਨਾ ਕੀਤੀ ਸੀ ਉਹ ਇਹ ਸੀ: ਪਰਮੇਸ਼ੁਰ ਜਿਸ ਨੇ ਉਨ੍ਹਾਂ ਨੂੰ "ਪ੍ਰੇਮ ਕੀਤਾ" ਅਤੇ **ਮਨਾਂ ਨੂੰ** ਹੁਣ ਵੀ **ਸ਼ਾਂਤੀ** [παρακαλέω, *ਪਾਰਾਕਾਲਓ*] ਦੇਵੇ ਅਤੇ [ਉਨ੍ਹਾਂ] ਦੇ ਮਨਾਂ ਨੂੰ [στηρίζω, *ਸਟੇਰੀਜ਼ੋ*] ਤਸੱਲੀ ਦੇਵੇ।

"ਦਿਲ" ਅੰਦਰੂਨੀ ਵਿਅਕਤੀ ਲਈ ਵਰਤਿਆ ਗਿਆ ਹੈ। ਪਰਮੇਸ਼ੁਰ "ਸਦੀਪਕ ਤਸੱਲੀ" ਦੇਣ ਦੇ ਯੋਗ ਹੈ; ਇਸ ਲਈ, ਉਹ ਉਨ੍ਹਾਂ ਨੂੰ ਕੁਝ ਪਲ ਦੇ ਲਈ ਤਸੱਲੀ ਵੀ ਦੇ ਸਕਦਾ ਸੀ ਜਿਸ ਦੀ ਉਨ੍ਹਾਂ ਨੂੰ ਲੋੜ ਸੀ। ਤਸੱਲੀ ਦਾ ਅਰਥ ਹੈ "ਉਤਸ਼ਾਹ ਦੇਣਾ।" (ਲਾਤੀਨੀ ਭਾਸ਼ਾ ਵਿੱਚ *ਕੋਰ* ਦਾ ਅਰਥ "ਦਿਲ" ਹੈ।) ਵਿਚਾਰ ਇਹ ਹੈ ਕਿ ਜੋ ਨਿਰਾਸ਼ ਹੈ ਉਸ ਨੂੰ "ਉਤਸ਼ਾਹ" ਦੇਣਾ। "ਦ੍ਰਿੜ ਕਰਨਾ," ਜਾਂ "ਸਥਿਰ ਕਰਨਾ" (RSV) ਵੀ ਇੱਕ ਵਿਅਕਤੀ ਦੀ ਕਿਸੇ ਚੀਜ਼ ਵਿੱਚ ਪੁਸ਼ਟੀ ਕਰਨ ਦੇ ਵਿਚਾਰ ਤੇ ਜ਼ੋਰ ਦਿੰਦਾ ਹੈ। ਇਸ ਮਾਮਲੇ ਵਿੱਚ, ਇਹ ਕੁਝ **ਸ਼ੁਭ ਕਰਮ ਅਤੇ ਬਚਨ** ਹੈ।

ਜੌਨ ਸਟੌਟ ਨੇ ਇਹ ਵਿਚਾਰ ਦਿੱਤਾ:

> ਰਸੂਲ ਦੀਆਂ ਦੋ ਪ੍ਰਾਰਥਨਾਵਾਂ ਇਹ ਹਨ ਕਿ ਪਰਮੇਸ਼ੁਰ ਤੁਹਾਡੇ ਦਿਲਾਂ ਨੂੰ ਤਸੱਲੀ ਅਤੇ ਦਲੇਰੀ ਦੇਵੇਗਾ: ਉਨ੍ਹਾਂ ਨੂੰ ਅੰਦਰੂਨੀ ਤੌਰ ਤੇ ਦ੍ਰਿੜ ਕਰਦਾ ਹੈ ਅਤੇ ਹਰ ਚੰਗੇ ਕੰਮ ਅਤੇ ਵਚਨ ਦੇ ਲਈ ਤਕੜਿਆਂ (1 ਥੱਸਲੁਨੀਕੀਆਂ 3:13 ਵਾਂਗ) ਕਰਦਾ ਹੈ ਜੋ ਅੰਦਰੂਨੀ ਸਮਰਥ ਦਾ ਬਾਹਰੀ ਅਤੇ ਜਨਤਕ ਸਬੂਤ ਹੈ।[28]

ਅਜਿਹੇ ਹੌਂਸਲੇ ਦੇ ਨਾਲ, ਥੱਸਲੁਨੀਕੇ ਦੇ ਲੋਕ ਹਰ ਚੰਗੇ ਕੰਮ ਵਿੱਚ, ਜਿਵੇਂ ਬੇਸਹਾਰਿਆਂ ਨੂੰ ਸਹਾਰਾ ਦੇਣ, ਬੀਮਾਰਾਂ ਦੀ ਖਬਰ ਲੈਣ ਅਤੇ ਹਰ ਚੰਗੇ ਸ਼ਬਦ, ਜਿਵੇਂ ਦੁਖੀਆਂ ਨੂੰ ਦਿਲਾਸਾ ਦੇਣ, ਜਿੱਦੀਆਂ ਨੂੰ ਝਿੜਕਣ, ਅਨਪੜ੍ਹਾਂ ਨੂੰ ਸਿੱਖਿਆ ਦੇਣ ਆਪਣੀ ਸ਼ਮੂਲੀਅਤ ਨੂੰ ਉਜਾਗਰ ਕਰਨ ਦੇ ਯੋਗ ਹੋ ਜਾਣਗੇ। ਅਸਲ ਵਿੱਚ, ਪੌਲੁਸ ਕਹਿ ਰਿਹਾ ਸੀ ਕਿ ਦੂਸਰੀ ਆਮਦ ਦੇ ਵਿਸ਼ੇ ਵਿੱਚ ਪਰੇਸ਼ਾਨ ਹੋਣ ਦੀ ਬਜਾਏ (ਆਇਤ 2) ਅਤੇ ਵਿਅਰਥ ਕਲਪਨਾਵਾਂ ਵਿੱਚ ਸਮਾਂ ਬਰਬਾਦ ਕਰਨ ਦੀ ਬਜਾਏ, ਉਨ੍ਹਾਂ ਨੂੰ ਚੰਗੇ ਕੰਮ ਕਰਨ ਅਤੇ ਚੰਗੀਆਂ ਗੱਲਾਂ ਬੋਲਣ ਵਿੱਚ ਰੁੱਝ ਜਾਣਾ ਚਾਹੀਦਾ ਹੈ।

## ਵਧੇਰੇ ਅਧਿਐਨ ਲਈ:<br>"ਕੁਧਰਮ ਦਾ ਪੁਰਖ" (2:3-10)

ਇਤਹਾਸ ਕਈ ਤਾਨਾਸ਼ਾਹਾਂ ਨੂੰ ਤਸਦੀਕ ਕਰ ਸਕਦਾ ਹੈ ਜਿਨ੍ਹਾਂ ਨੇ ਆਪਣੇ ਲੋਕਾਂ ਤੇ ਜ਼ੁਲਮ ਕੀਤੇ, ਕਤਲੇਆਮ ਕੀਤਾ ਅਤੇ ਦੂਸਰਿਆਂ ਦੀ ਕੀਮਤ ਤੇ ਆਪਣੇ ਆਪ ਦੇ ਲਈ ਇੱਕ ਵਿਸ਼ਾਲ ਨਿਜੀ ਭਾਗ ਜਮ੍ਹਾਂ ਕੀਤਾ ਸੀ। ਇਸ ਪ੍ਰਕਾਰ ਦੇ ਸਲੂਕ ਨੂੰ, ਨਾ ਸਿਰਫ ਮਸੀਹੀਆਂ ਦੇ

ਦੁਆਰਾ, ਪਰ ਅੰਤਰਰਾਸ਼ਟਰੀ ਅਦਾਲਤਾਂ ਦੇ ਰਾਹੀਂ ਵੀ ਕੁਧਰਮ ਸਮਝਿਆ ਜਾਂਦਾ ਹੈ। ਅਜਿਹੇ ਮੁਜਰਮ ਭਿਆਨਕ ਕੰਮ ਕਰਦੇ ਹਨ। ਉਹ ਬੁਰਾਈ ਦੇ ਇੱਕ ਸਾਰ ਦੇ ਰੂਪ ਵਿੱਚ ਜਨਮ ਲੈਂਦੇ ਹਨ। ਉਹ, ਕਈਆਂ ਮਾਮਲਿਆਂ ਵਿੱਚ "ਕੁਧਰਮ ਦੇ ਪੁਰਖ" ਹਨ।

2 ਥੱਸਲੁਨੀਕੀਆਂ 2 ਵਿੱਚ, ਪੌਲੁਸ ਨੇ "ਕੁਧਰਮ ਦੇ ਪੁਰਖ" ਬਾਰੇ ਲਿਖਿਆ ਹੈ। ਇਹ ਇੱਕ ਵਿਅਕਤੀ ਹੈ ਜੋ (ਆਇਤ 3) ਦੇ "ਧਰਮ ਤਿਆਗ" ਦਾ ਇੱਕ ਕੇਂਦਰੀ ਲੱਛਣ ਹੈ (ਆਇਤ 3)। ਕੁਧਰਮੀ ਆਦਮੀ ਇੱਕ ਅਜਿਹੇ ਆਦਮੀ ਵਰਗਾ ਹੋਵੇਗਾ ਜੋ ਇੱਕ ਰਾਜ ਤੇ ਕਬਜ਼ਾ ਕਰਨ ਦੇ ਲਈ ਇੱਕ ਤਖਤਾ ਪਲਟ ਦੀ ਅਗਵਾਈ ਕਰ ਰਿਹਾ ਹੋਵੇ। ਯਿਸੂ ਨੇ ਝੂਠੇ ਨਬੀਆਂ ਦੇ ਆਉਣ ਦੀ ਭਵਿੱਖਵਾਣੀ ਕੀਤੀ (ਮੱਤੀ 7:15)। ਪੌਲੁਸ, ਨੇ ਵੀ, ਇੱਕ ਸਿਧਾਂਨਿਕ ਵਿਦਰੋਹ ਦੀ ਭਵਿੱਖਵਾਣੀ ਕੀਤੀ ਸੀ (ਰਸੂਲਾਂ ਦੇ ਕਰਤੱਬ 20:28–30)। ਇਸ ਅਧਿਐਨ ਵਿੱਚ, ਅਸੀਂ ਇਸ ਗੱਲ ਤੇ ਗੰਭੀਰਤਾ ਦੇ ਨਾਲ ਝਾਤ ਮਾਰਾਂਗੇ ਕਿ ਪੌਲੁਸ ਨੇ ਇਸ "ਕੁਧਰਮ ਦੇ ਪੁਰਖ" ਦਾ ਵਰਣਨ ਕਿਵੇਂ ਕੀਤਾ ਹੈ (ਆਇਤ 3)।

*ਕੁਧਰਮੀ ਆਦਮੀ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ?* ਆਇਤ 7 ਵਿੱਚ ਪੌਲੁਸ ਨੇ ਲਿਖਿਆ, "ਕੁਧਰਮ ਦੀ ਭੇਤ ਹੁਣ ਵੀ ਤਾਂ ਅਸਰ ਕਰੀ ਜਾਂਦੀ ਹੈ।" ਉਸ ਨੇ ਬਹੁਤ ਹੀ ਵਿਸਥਾਰ ਦੇ ਨਾਲ ਇਸ ਬੁਰੇ ਆਦਮੀ ਦੇ ਸੁਭਾਅ ਦਾ ਵਰਣਨ ਕੀਤਾ ਹੈ। ਪਹਿਲਾ, ਉਸ ਨੇ ਕਿਹਾ ਕਿ ਕੁਧਰਮੀ ਪੁਰਖ ਪਰਮੇਸ਼ੁਰ ਦਾ ਵਿਰੋਧ ਕਰਦਾ ਹੈ (ਆਇਤ 4)। ਉਹ ਸ਼ਤਾਨ ਦੇ ਸਮਾਨ ਹੈ, ਜਿਸ ਦਾ ਅਸਲੀ ਨਾਮ "ਝੂਠੇ ਦੋਸ਼ ਲਾਉਣ ਵਾਲਾ" ਜਾਂ "ਨਿੰਦਾ ਕਰਨ ਵਾਲਾ।" ਇਹ ਆਦਮੀ ਹਰ ਉਸ ਗੱਲ ਦਾ ਵਿਰੋਧ ਕਰਦਾ ਹੈ ਜੋ ਚੰਗੀ ਅਤੇ ਸਹੀ ਹੈ।

ਦੂਸਰਾ, ਕੁਧਰਮੀ ਪੁਰਖ "ਹਰ ਇੱਕ ਉੱਤੇ ਜਿਹੜਾ ਦੇਵ ਅਖਵਾਉਂਦਾ ਯਾ ਪੂਜਿਆ ਜਾਂਦਾ ਹੈ ਆਪਣੇ ਆਪ ਨੂੰ ਉੱਚਿਆਂ ਕਰਦਾ ਹੈ" (ਆਇਤ 4)। ਪਰਮੇਸ਼ੁਰ ਦੀ ਪੂਜਾ ਨੂੰ ਛੱਡ ਕੇ, ਜੋ ਇਕੱਲਾ ਪੂਜੇ ਜਾਣ ਦੇ ਯੋਗ ਹੈ (ਮੱਤੀ 4:10), ਅਧਰਮੀ ਮਨੁੱਖ ਆਪਣੇ ਆਪ ਨੂੰ ਉੱਚਿਆਂ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਉਸ ਦੀ ਪੂਜਾ ਕੀਤੀ ਜਾਵੇ। ਇਸ ਬਿਆਨ ਵਿੱਚ ਸਿਰਫ ਝੂਠੇ ਦੇਵਤੇ ਦਿਔਸ ਅਤੇ ਜੁਪੀਟਰ ਹੀ ਨਹੀਂ, ਪਰ ਯਹੋਵਾਹ ਵੀ ਸ਼ਾਮਲ ਹੈ। ਕੁਧਰਮੀ ਆਦਮੀ ਢੀਠ ਅਤੇ ਘਮੰਡੀ ਹੁੰਦਾ ਹੈ।

ਤੀਸਰਾ, ਕੁਧਰਮੀ ਆਦਮੀ "ਪਰਮੇਸ਼ੁਰ ਦੀ ਹੈਕਲ ਵਿੱਚ ਬਹਿੰਦਾ ਹੈ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਕਰਕੇ ਵਿਖਾਉਂਦਾ ਹੈ" (ਆਇਤ 4)। ਯੂਨਾਨੀ ਵਿੱਚ ਹੈਕਲ ਦੇ ਲਈ ਸ਼ਬਦ ναός (*ਨਾਓਸ*) ਹੈ, ਜੋ ਹੈਕਲ ਦੇ ਅੰਦਰੂਨੀ ਹਿੱਸੇ ਨੂੰ ਦਰਸਾਉਂਦਾ ਹੈ, ਨਾ ਕਿ ਪੂਰੇ ਭਵਨ-ਸਮੂਹ ਨੂੰ। ਕਲਪਨਾ ਇੱਕ ਅਜਿਹਾ ਵਿਅਕਤੀ ਹੈ ਜੋ ਅਧਿਕਾਰਤ ਤੌਰ ਤੇ ਰਾਜਾ ਬਣ ਕੇ ਪਰਮੇਸ਼ੁਰ ਦੀ ਥਾਂ ਤੇ "ਵਿਰਾਜਮਾਨ" ਹੋਣਾ ਚਾਹੁੰਦਾ ਹੈ। ਇੱਕ ਅਧਿਕਾਰੀ ਇੱਕ ਤਾਜਪੋਸ਼ੀ ਦੀ ਰਸਮ ਦੀ ਅੰਗੂਠੀ ਤੋਂ ਬਾਅਦ "ਆਪਣੀ ਗੱਦੀ ਤੇ ਬੈਠਦਾ ਹੈ" "ਆਪਣੇ ਆਪ ਨੂੰ ਪਰਮੇਸ਼ੁਰ ਕਰਕੇ ਵਿਖਾਉਂਦਾ ਹੈ" ਜਿਸ ਦਾ ਅਰਥ ਹੈ ਇਹ ਕੁਧਰਮੀ ਆਦਮੀ ਨਾਟਕ ਕਰੇਗਾ ਕਿ ਉਹ ਪਰਮੇਸ਼ੁਰ ਹੈ ਅਤੇ ਉਸ ਦੇ ਕੋਲ ਈਸ਼ੁਰੀ ਅਧਿਕਾਰ ਹੈ। ਇਹ ਕਲਪਨਾ ਯਸਾਯਾਹ 13 ਦੀ ਯਾਦ ਨੂੰ ਤਾਜ਼ਾ ਕਰਦੀ ਹੈ, ਬਾਬਲ ਦੇ ਰਾਜਿਆਂ ਦੀ ਨਿੰਦਾ ਦੀ ਇੱਕ ਭਵਿੱਖਵਾਣੀ। ਜਿਵੇਂ 538 ਈ. ਵੀ. ਵਿੱਚ ਮਾਦੀ-ਫ਼ਾਰਸੀਆਂ ਦੇ ਹੱਥਾਂ ਦੇ ਅਧੀਨ ਕਰ ਦਿੱਤਾ ਸੀ, ਉਸੇ ਤਰ੍ਹਾਂ ਉਹ ਹੰਕਾਰ ਨਾਲ ਭਰੇ ਹੋਏ ਕੁਧਰਮੀ ਆਦਮੀ ਨੂੰ ਹੇਠਾਂ ਲਿਆਵੇਗਾ।

ਚੌਥਾ, ਪੌਲੁਸ ਕੁਧਰਮ ਦੇ ਪੁਰਖ ਨੂੰ "ਵਿਨਾਸ ਦਾ ਪੁੱਤ੍ਰ" (ਆਇਤ 3) ਆਖਦਾ ਹੈ। ਉਸ ਦੀ ਕਿਸਮਤ ਨਿੰਦਾ ਕੀਤਾ ਜਾਣਾ ਹੈ। ਜਿਵੇਂ ਧਾਰਮਿਕਤਾ ਯਿਸੂ ਦੀ ਵਿਸ਼ੇਸ਼ਤਾ ਹੈ, ਉਸੇ ਤਰ੍ਹਾਂ

ਪਾਪ ਕੁਧਰਮੀ ਦੀ ਵਿਸ਼ੇਸ਼ਤਾ ਹੈ। ਜਦੋਂ ਮਸੀਹ ਆਵੇਗਾ, ਉਹ "[ਕੁਧਰਮੀ ਪੁਰਖ ਦਾ] ਅੰਤ ਲੈ ਆਵੇਗਾ" (ਆਇਤ 8)।

*ਕੁਧਰਮ ਦਾ ਪੁਰਖ ਕੌਣ ਹੈ?* ਇਹ ਜਾਣਨਾ ਕਿ ਵਿਸ਼ੇਸ਼ ਰੂਪ ਵਿੱਚ ਉਹ ਆਦਮੀ ਕੌਣ ਸੀ ਜਾਂ ਕੌਣ ਹੈ? ਕੁਧਰਮ ਦੇ ਪੁਰਖ ਦੀ ਪਹਿਚਾਣ ਦੇ ਚਾਰ ਪ੍ਰਮੁੱਖ ਸਿਧਾਂਤ ਹਨ।

ਸਭ ਤੋਂ ਪਹਿਲਾ, ਕੁਝ ਲੋਕਾਂ ਦਾ ਇਹ ਕਹਿਣਾ ਹੈ ਕਿ ਕੁਧਰਮ ਦਾ ਪੁਰਖ *ਰੋਮਨ ਕੈਥੋਲਿਕ ਪੋਪਾਂ ਦੀ ਲਾਇਨ ਵਿੱਚੋਂ ਹੈ।* ਮਸ਼ਹੂਰ ਪ੍ਰੈਸਬੇਟਰੀ ਟਿੱਪਣੀਕਾਰ ਨੇ ਐਲਬਰਟ ਬਾਰਨਜ਼ ਨੇ ਇਹ ਵਿਸ਼ਵਾਸ ਕੀਤਾ (ਵੇਖੋ ਆਇਤ 4 ਦੀ ਚਰਚਾ)। ਬਾਰਨਜ਼ ਦੇ ਵਾਂਗ ਜੇ. ਡਬਲਿਯੂ ਮੈਕਗਾਰਵੇ ਅਤੇ ਫਿਲਿੱਪ. ਪੇਂਡਲੀਟਨ ਨੇ ਕਿਹਾ ਕਿ ਜੇਕਰ ਪ੍ਰਭੂ ਦਾ ਆਉਣ ਤੱਕ ਪੋਪ ਦਾ ਪਦ ਨਿਰੰਤਰ ਬਣਿਆ ਰਹੇਗਾ, ਤਾਂ "ਉਹ ਵਿਚਾਰ ਅਧੀਨ ਭਵਿੱਖਵਾਣੀ ਦੇ ਇਸ ਭਾਗ ਨੂੰ ਪੂਰਾ ਕਰੇਗਾ।"[29] ਮੈਕਗਾਰਵੇ ਅਤੇ ਫਿਲਿੱਪ. ਪੇਂਡਲੀਟਨ ਨੇ ਕਾਰਣ ਦਿੱਤੇ ਹਨ ਜੋ ਇਸ ਵਿਚਾਰ ਦਾ ਸਮਰਥਨ ਕਰਦੇ ਹਨ। (1) ਕੈਥੋਲਿਕ ਇਸਾਈ ਹੰਕਾਰੀ ਦਾਅਵੇ ਦੇ ਅਨੁਸਾਰ ਇੱਕ ਅਧਿਕਾਰਕ ਸਿਰ ਹੈ। (2) ਪੋਪ ਇੱਕ ਧਰਮ ਤਿਆਗੀ ਦੇ ਰੂਪ ਵਿੱਚ ਆਇਆ ਜਿਵੇਂ ਪੌਲੁਸ ਨੇ ਵਰਣਨ ਕੀਤਾ ਸੀ। (3) ਕੈਸਰ ਦੇ ਦੁਆਰਾ ਪੌਲੁਸ ਦੇ ਜਮਾਨੇ ਵਿੱਚ ਇੱਕ ਵਿਕਾਸਸ਼ੀਲ ਧਰਮ ਤਿਆਗ ਦੀ ਸ਼ਕਤੀ ਨੂੰ ਰੋਕਣਾ। (4) ਜਦੋਂ ਰੋਮ ਦੇ ਬਿਸ਼ਪਾਂ ਨੇ ਆਤਮਿਕ ਤੌਰ ਤੇ ਤਕੜਾ ਹੋਣਾ ਸ਼ੁਰੂ ਕੀਤਾ ਸੀ, ਉਸ ਸਮੇਂ ਵੀ ਉਹ ਸਮਰਾਟ ਦੀ ਸ਼ਕਤੀ ਤੋਂ ਸਿਵਲ ਸ਼ਕਤੀ ਦਾ ਦਾਅਵਾ ਕਰਨ ਵਿੱਚ ਰੁਕਾਵਟ ਸਨ। (5) ਜਦੋਂ ਪੰਜਵੀਂ ਸ਼ਤਾਬਦੀ ਵਿੱਚ ਸਮਰਾਟ ਰਾਜ ਖਤਮ ਹੋ ਗਿਆ ਅਤੇ ਦੁਬਾਰਾ ਕਦੀ ਨਹੀਂ ਉੱਠਿਆ, ਤਾਂ ਪੋਪ ਦੇ ਪਦ ਨੂੰ ਉੱਨਤ ਕੀਤਾ ਗਿਆ ਹੈ ਅਤੇ ਸ਼ਕਤੀ ਦੇ ਨਾਲ ਭਰ ਦਿੱਤਾ ਗਿਆ ਸੀ। (6) ਪੋਪ ਆਪਣੇ ਉਤਰਾਧਿਕਾਰ ਦੀ ਲਾਇਨ ਨੂੰ ਬੜੇ ਧਿਆਨ ਨਾਲ ਫੜੀ ਰੱਖਦੇ ਹਨ। (7) ਪੋਪ ਨੇ ਇਹ ਕਹਿਣ ਦੇ ਰਾਹੀਂ ਕਿ "ਪ੍ਰਭੂ ਪਰਮੇਸ਼ੁਰ ਪੋਪ" ਆਪਣੇ ਆਪ ਨੂੰ ਪਰਮੇਸ਼ੁਰ ਦੇ ਸਾਹਮਣੇ ਉੱਚਾ ਕੀਤਾ ਹੈ। (8) ਕਲੀਸਿਆ ਦੇ ਉੱਪਰ ਅਧਿਕਾਰ ਦਾ ਦਾਅਵਾ ਕਰਦੇ ਹੋਏ ਇੱਕ ਅਰਥ ਵਿੱਚ ਉਸ ਨੇ "ਪਰਮੇਸ਼ੁਰ ਦੀ ਹੈਕਲ ਵਿੱਚ" ਆਪਣੇ ਆਪ ਨੂੰ ਵੱਡਾ ਬਣਾਇਆ। (9) ਉਹ ਝੂਠੇ ਚਮਤਕਾਰ ਦੇ ਰਾਹੀਂ ਆਪਣੀ ਪ੍ਰਮਾਣਿਕਤਾ ਨੂੰ ਸਾਬਤ ਕਰਦਾ ਹੈ (ਵੇਖੋ 9)।[30] ਮੈਕਗਾਰਵੇ, ਫਿਲਿੱਪ. ਪੇਂਡਲੀਟਨ ਅਤੇ ਬਨਰਸ ਨੇ ਇੱਕ ਪ੍ਰਸ਼ੰਸਨੀ ਮਸਲਾ ਬਣਾ ਦਿੱਤਾ ਹੈ।

ਡੇਵਿਡ ਲਿਪਕੋਂਬ ਨੇ ਇਸ ਬੰਦ ਦੇ ਸੰਬੰਧ ਵਿੱਚ ਕਿਹਾ,

> ਮੈਨੂੰ ਸ਼ੱਕ ਹੈ ਕਿ ਜੇਕਰ ਕੋਈ ਵੀ ਸੰਸਥਾ "ਕੁਧਰਮ ਦਾ ਪੁਰਖ" ਹੈ। ਤਾਂ ਇੱਕ *ਸਿਧਾਂਤ* ਕੰਮ ਕਰ ਰਿਹਾ ਸੀ ਕਿ ਪਰਮੇਸ਼ੁਰ ਦੇ ਕ੍ਰਮ ਨੂੰ ਇੱਕ ਪਾਸੇ ਰੱਖ ਕੇ ਆਪਣੇ ਖੁਦ ਦੇ ਕ੍ਰਮ ਨੂੰ ਸਥਾਪਤ ਕਰਨਾ। ਇਹ ਤਬਾਹੀ ਅਤੇ ਬਰਬਾਦੀ ਵੱਲ ਲੈ ਜਾਂਦਾ ਹੈ—ਜਿਸ ਨੂੰ ਵਿਨਾਸ ਦਾ ਪੁੱਤਰ ਕਿਹਾ ਜਾਂਦਾ ਹੈ. . . । ਰੋਮਨ ਕੈਥੋਲਿਕਵਾਦ . . . ਇਹ ਇਸ ਪਾਪ ਦੇ ਪੁਰਖ ਦੇ ਵਿਕਾਸ ਅਤੇ ਪਾਪ ਦਾ ਸਿੱਟਾ ਹੈ (ਜ਼ੋਰ ਦਿੱਤਾ ਗਿਆ ਹੈ)।[31]

ਮੈਨੂੰ ਸ਼ੱਕ ਹੈ ਕਿ ਪੋਪਾਂ ਦੀ ਲਾਈਨ ਬਾਈਬਲ ਵਿਚਲੇ ਇਸ ਆਂਕੜੇ ਵਿੱਚ ਪੂਰੀ ਨਹੀਂ ਉਤਰਦੀ ਹੈ। ਪਹਿਲਾ, ਪੋਪ ਦੇ ਪੂਰਵ-ਕੈਥੇਡ੍ਰਾ ਬਿਆਨਾਂ ਵਿੱਚ ਪੋਪ ਨੇ ਅਚੂਕਤਾ ਦੇ ਦਾਅਵੇ ਨੂੰ ਸੀਮਿਤ ਕੀਤਾ ਹੈ, ਜੋ ਬਹੁਤ ਘੱਟ ਹਨ। ਦੂਸਰਾ, ਜੇਕਰ ਕੁਧਰਮ ਦਾ ਪੁਰਖ 1 ਯੂਹੰਨਾ 2:18 ਦੇ ਮਸੀਹ ਵਿਰੋਧੀ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਤਾਂ ਸਮੁੱਚੀ ਬੁਰਾਈ ਜਾਂ ਕੁਧਰਮ ਦਾ ਚਿੰਨ੍ਹ ਪੋਪ ਨੂੰ ਨਹੀਂ ਦਰਸਾਉਂਦਾ।[32] ਪੋਪ ਦਾ ਪਦ ਯਿਸੂ ਨੂੰ ਮਸੀਹ ਮੰਨਦਾ ਹੈ, ਪਰ ਮਸੀਹ

ਵਿਰੋਧੀ ਇਹ ਨਹੀਂ ਮੰਨਦਾ (1 ਯੂਹੰਨਾ 2:22)। ਪੋਪਾਂ ਨੇ ਕਈ ਨੈਤਿਕ ਮਿਆਰਾਂ ਤੇ ਬਾਈਬਲ ਦੀ ਸੱਚਾਈ ਨੂੰ ਬਰਕਰਾਰ ਰੱਖਿਆ ਹੈ, ਜਿਵੇਂ ਗਰਭਪਾਤ। ਤੀਸਰਾ, ਪੌਲੁਸ ਨੇ ਇੱਕ ਦੁਸ਼ਟ ਪ੍ਰਭਾਵ ਵਾਲੇ ਆਦਮੀ ਦਾ ਵਰਣਨ ਕੀਤਾ ਹੈ ਜਿਸ ਦਾ ਪ੍ਰਭਾਵ ਮਸੀਹ ਦੀ ਦੂਸਰੀ ਆਮਦ ਤੱਕ ਵੱਧਦਾ ਜਾਂਦਾ ਹੈ। ਇਹ ਇਸ ਵਿਅਕਤੀ ਦੇ ਵਿਨਾਸ਼ ਵੱਲ ਅਗਵਾਈ ਕਰਦਾ ਹੈ (ਆਇਤ 8)। ਯਿਸੂ ਉਸ ਸਮੇਂ ਆਵੇਗਾ ਜਦੋਂ ਇਸ ਵਿਅਕਤੀ ਦਾ ਧੋਖਾ ਆਪਣੀ ਚਰਮ ਸੀਮਾ ਤੇ ਹੋਵੇਗਾ। ਪੋਪ ਦੇ ਪਦ, ਦੀ ਚਰਮ ਸੀਮਾ ਬਹੁਤ ਦੇਰ ਪਹਿਲਾਂ ਤੋਂ ਖਤਮ ਹੋ ਗਈ ਹੈ। ਇਹ ਬਾਰਵੀਂ ਸ਼ਤਾਬਦੀ ਦੇ ਅੱਠਵੇਂ ਦਸ਼ਕ ਦੇ ਸਮੇਂ ਦਾ ਮੁਕਾਬਲੇ ਵਿੱਚ ਹੁਣ ਇਸ ਦੀ ਤਾਕਤ ਬਹੁਤ ਹੀ ਘੱਟ ਹੈ।

ਦੂਸਰਾ ਸਿਧਾਂਤ ਸਮਝਦਾ ਹੈ ਕਿ *ਰੋਮੀ ਸਮਰਾਟਾਂ ਦੀ ਲਾਇਨ* ਕੁਧਰਮ ਦਾ ਪੁਰਖ ਹੋਵੇਗਾ। ਪਹਿਲੀ ਸਦੀ ਤੋਂ ਸ਼ੁਰੂ ਕਰਕੇ ਬਹੁਤ ਸਾਰੇ ਸਮਰਾਟਾਂ ਨੂੰ ਪੂਜਿਆ ਗਿਆ ਅਤੇ ਉਨ੍ਹਾਂ ਦੀ ਉਪਾਸਨਾ ਕੀਤੀ ਗਈ ਸੀ। ਡੋਮਿਸ਼ਨ (ਈ. ਵੀ. 81–96) ਪਹਿਲਾ ਸਮਰਾਟ ਸੀ ਜਿਸ ਨੇ ਮੰਗ ਕੀਤੀ ਕਿ ਜਦੋਂ ਉਹ ਅਜੇ ਜੀਉਂਦਾ ਹੀ ਸੀ ਉਸ ਦੀ ਜਨਤਕ ਤੌਰ ਤੇ ਪੂਜਾ ਕੀਤੀ ਜਾਵੇ।[33] ਨੀਰੋ ਤੋਂ ਸ਼ੁਰੂ ਕਰਕੇ (ਈ. ਪੂ. 64), ਬਹੁਤ ਸਾਰੇ ਸਮਰਾਟਾਂ ਨੇ ਮਸੀਹੀਅਤ ਦਾ "ਵਿਰੋਧ ਕੀਤਾ" (ਆਇਤ 4) ਅਤੇ ਮਸੀਹੀਅਤ ਨੂੰ ਸਤਾਇਆ। ਪਤਰਸ ਨੇ 1 ਪਤਰਸ 4:12 ਵਿੱਚ ਜਿਸ "ਬਿਪਤਾ ਦਾ ਲਾਂਬੂ" ਦਾ ਉਲੇਖ ਕੀਤਾ ਸੀ ਸੰਭਾਵਨਾ ਹੈ ਕਿ ਇਨ੍ਹਾਂ ਸਮਰਾਟਾਂ ਦਾ ਅੱਤਿਆਚਾਰ ਉਸ ਦਾ ਇੱਕ ਨਿਸ਼ਾਨ ਸੀ, ਜੋ 60 ਈ. ਵੀ. ਅਤੇ 70 ਈ. ਵੀ. ਦੇ ਦੌਰਾਨ ਹੋਇਆ ਸੀ।

ਹਾਲਾਂਕਿ ਇਤਿਹਾਸ ਦੇ ਦਸਤਾਵੇਜ਼ਾਂ ਤੇ ਰੋਮੀ ਸਮਰਾਟ ਕੁਧਰਮ ਦੇ ਕੰਮ ਕਰਦੇ ਸਨ, ਪਰ ਸਮਰਾਟਾਂ ਦੀ ਲਾਇਨ ਉਹ ਕੁਧਰਮ ਦਾ ਪੁਰਖ ਨਹੀਂ ਹੈ ਜਿਸ ਦਾ ਵਰਣਨ ਪੌਲੁਸ ਨੇ ਕੀਤਾ ਸੀ। ਰੋਮੀ ਸਾਮਰਾਜ ਕਈ ਸੌ ਸਾਲਾਂ ਦੇ ਲਈ ਪ੍ਰਮੁੱਖ ਵਿਸ਼ਵ ਸ਼ਕਤੀ ਰਿਹਾ ਹੈ ਅਤੇ ਇਸ ਨੇ ਪਹਿਲੀਆਂ ਚਾਰ ਸ਼ਤਾਬਦੀਆਂ ਦੇ ਦੌਰਾਨ ਇਸ ਨੇ ਚਰਚ ਨੂੰ ਬਹੁਤ ਦੁੱਖ ਦਿੱਤਾ ਸੀ। ਪਰ, ਪੰਜਵੀਂ ਸ਼ਤਾਬਦੀ ਵਿੱਚ ਸਾਮਰਾਜ ਪੂਰੀ ਤਰ੍ਹਾਂ ਦੇ ਨਾਲ ਨਾਸ ਹੋ ਗਿਆ ਸੀ ਪਰ ਮਸੀਹ ਦੇ ਆਉਣ ਦੇ ਆਸ–ਪਾਸ ਨਾਸ ਨਹੀਂ ਹੋਵੇਗਾ, ਜਿਵੇਂ ਕੁਧਰਮ ਦਾ ਪੁਰਖ ਹੋਵੇਗਾ (ਆਇਤ 8)।

ਤੀਸਰਾ ਸਿਧਾਂਤ ਇਹ ਹੈ ਕਿ ਕੁਧਰਮ ਦਾ ਪੁਰਖ *ਖੁਦ ਸ਼ਤਾਨ* ਹੈ। ਜੌਨ ਵੈਦਰਲੀ ਨੇ ਲਿਖਿਆ, "ਪੌਲੁਸ ਦਾ ਬਿੰਦੂ ਇਹ ਸੀ ਕਿ ਮਸੀਹ ਦੇ 'ਦਿਨ,' ਉਸ ਦਾ ਕੰਮ ਪੂਰਾ ਹੋਵੇਗਾ, ਜੋ ਉਸ ਸਮੇਂ ਤੱਕ ਪੂਰਾ ਨਹੀਂ ਹੋ ਸਕਦਾ ਜਦੋਂ ਤੱਕ ਸ਼ਤਾਨ, ਬੁਰਾ ਪੁਰਖ, ਜਿਸ ਦੇ ਬਾਰੇ ਪਤਾ ਲੱਗੇਗਾ ਕਿ ਇਹ ਪਰਮੇਸ਼ੁਰ ਦੀ ਇੱਛਾ ਦੇ ਸੰਪੂਰਣ ਮਨੁੱਖੀ ਤਿਆਗ ਦੇ ਪਿੱਛੇ ਖੜ੍ਹਾ ਸੀ।"[34] ਵੈਦਰਲੀ ਦੇ ਅਨੁਸਾਰ, ਕੁਧਰਮ ਦਾ ਪੁਰਖ, ਸ਼ਤਾਨ ਦੀ ਇੱਕ ਯੋਗ ਵਰਣਨ ਹੈ। ਸ਼ਬਦ "ਸ਼ਤਾਨ" ਦਾ ਅਰਥ ਹੈ "ਵੈਰੀ" ਅਤੇ ਕੁਧਰਮ ਦੇ ਪੁਰਖ ਨੇ ਪਰਮੇਸ਼ੁਰ ਦੇ ਚਰਚ ਦਾ "ਵਿਰੋਧ" ਕਰੇਗਾ (ਆਇਤ 4)। ਕੁੱਝ ਲੋਕ ਜੋ ਇਸ ਵਿਚਾਰ ਨੂੰ ਮੰਨਦੇ ਹਨ ਇਹ ਵਿਸ਼ਵਾਸ ਕਰਦੇ ਅੰਤ ਦੇ ਸਮੇਂ ਦੇ ਆਸ–ਪਾਸ ਇੱਕ ਵੱਡੇ ਯੁੱਧ ਵਿੱਚ ਆਪਣੀ ਸ਼ਕਤੀ ਦੇ ਅੰਤਿਮ ਪਰਗਟਾਵੇ ਦੇ ਲਈ ਸ਼ਤਾਨ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਇੱਕਠਾ ਕਰੇਗਾ। ਪਵਿੱਤਰ ਸ਼ਾਸਤਰ ਸਿਖਾਉਂਦਾ ਹੈ ਕਿ ਜਿਵੇਂ ਮਸੀਹ ਆਪਣੇ ਆਉਣ ਤੇ ਸ਼ਤਾਨ ਦਾ ਨਾਸ ਕਰੇਗਾ (ਪਰਕਾਸ਼ ਦੀ ਪੋਥੀ 20:10), ਉਸੇ ਤਰ੍ਹਾਂ ਕੁਧਰਮ ਦੇ ਪੁਰਖ ਦਾ ਵੀ ਨਾਸ ਕਰੇਗਾ (ਆਇਤ 8)।

ਪਹਿਲੀ ਨਜ਼ਰ ਵਿੱਚ ਇਹ ਧਾਰਨਾ ਜਾਇਜ਼ ਜਾਪਦੀ ਹੈ। ਪਰ, ਆਇਤ 9 ਕੁਧਰਮ ਦੇ

ਪੁਰਖ ਬਾਰੇ ਗੱਲ ਕਰਦੀ ਹੈ, ਜਿਸ "ਦਾ ਆਉਣਾ ਸ਼ਤਾਨ ਦੇ ਅਮਲ ਅਨੁਸਾਰ" ਹੈ। ਕਹਿਣ ਦਾ ਭਾਵ ਹੈ ਕਿ ਇਹ ਪੁਰਖ ਸ਼ਤਾਨ ਨਹੀਂ ਹੈ, ਪਰ ਅਜਿਹਾ ਕੋਈ ਹੈ ਜੋ ਸ਼ਤਾਨ ਦੇ ਨਾਲ ਸਹਿਮਤੀ ਵਿੱਚ ਹੈ ਅਤੇ ਉਸ ਦੇ ਨਾਲ ਰਲ਼ ਕੇ ਕੰਮ ਕਰਦਾ ਹੈ। ਵੈਦਰਲੀ ਨੇ ਇਸ ਸਮੱਸਿਆ ਤੋਂ ਬਚਣ ਲਈ ਇਸ ਆਇਤ ਨੂੰ ਇਸ ਤਰ੍ਹਾਂ ਅਨੁਵਾਦ ਕੀਤਾ, "ਕੁਧਰਮੀ ਪੁਰਖ ਦਾ ਆਉਣਾ ਸ਼ਤਾਨ ਦੇ ਕੰਮਾਂ ਵਿੱਚ ਪਰਗਟ ਹੈ," ਪਰ ਉਸ ਦਾ ਅਨੁਵਾਦ ਢੁਕਵਾਂ ਨਹੀਂ ਜਾਪਦਾ ਹੈ। ਕੁਧਰਮ ਦਾ ਪੁਰਖ ਸ਼ਤਾਨ ਨਹੀਂ ਹੈ। ਉਹ ਸ਼ਤਾਨ ਦੇ ਨਾਲ ਰਲ਼ ਕੇ ਪਰਮੇਸ਼ਰ ਦੇ ਵਿਰੁਧ ਕੰਮ ਕਰਦਾ ਹੈ।

ਚੌਥੀ ਧਾਰਨਾ ਇਹ ਹੈ ਕਿ *ਬੁਰਿਆਈ ਨੂੰ ਮਨੁੱਖੀ ਰੂਪ ਵਜੋਂ ਪੇਸ਼ ਕੀਤਾ ਗਿਆ ਹੈ, ਜੋ* ਕੁਧਰਮ ਦਾ ਪੁਰਖ ਹੈ। ਉਹ ਇੱਕ ਅਸਲ ਮਨੁੱਖ ਨਹੀਂ ਹੋਵੇਗਾ। ਕਹਿਣ ਦਾ ਭਾਵ ਹੈ ਕਿ ਪੌਲੁਸ ਦੇ ਸਮੇਂ ਤੋਂ ਬਾਅਦ ਅੱਗੇ ਚੱਲ ਕੇ ਮਸੀਹੀ ਸੰਸਾਰ ਵਿੱਚ ਬੁਰਿਆਈ ਬੜੀ ਤੀਬਰਤਾ ਨਾਲ ਵਧੇਗੀ ਅਤੇ ਪ੍ਰਭੂ ਦੀ ਵਾਪਸੀ ਤੋਂ ਠੀਕ ਪਹਿਲਾਂ ਆਪਣੇ ਚਰਮ 'ਤੇ ਪੁੱਜ ਜਾਵੇਗੀ। ਪੌਲੁਸ ਨੇ ਤਿਮੋਥਿਉਸ ਨੂੰ ਲਿਖਿਆ, ". . . ਆਉਣ ਵਾਲਿਆਂ ਸਮਿਆਂ ਵਿੱਚ ਕਈ ਲੋਕ ਭਰਮਾਉਣ ਵਾਲੀਆਂ ਰੂਹਾਂ ਅਤੇ ਭੂਤਾਂ ਦੀਆਂ ਸਿੱਖਿਆਂ ਵੱਲ ਚਿੱਤ ਲਾ ਕੇ ਨਿਹਚਾ ਤੋਂ ਫਿਰ ਜਾਣਗੇ" (1 ਤਿਮੋਥਿਉਸ 4:1)। ਉਸ ਨੇ ਅੱਗੇ ਆਖਿਆ ਕਿ ਇਹ ਲੋਕ "ਵਿਆਹ ਕਰਨ ਤੋਂ ਵਰਜਦੇ ਅਤੇ ਉਨ੍ਹਾਂ ਭੋਜਨਾਂ ਦੇ ਖਾਣ ਤੋਂ ਮਨੇ ਕਰਦੇ ਹਨ ਜੋ ਪਰਮੇਸ਼ਰ ਨੇ ਉਤਪਤ ਕੀਤੇ ਭਈ ਨਿਹਚਾ ਕਰਨ ਵਾਲੇ ਅਤੇ ਸਚਿਆਈ ਦੇ ਜਾਣਨ ਵਾਲੇ ਧੰਨਵਾਦ ਨਾਲ ਵਰਤਣ" (1 ਤਿਮੋਥਿਉਸ 4:3)। ਇਹ ਵੇਰਵਾ ਦੂਜੀ ਸਦੀ ਦੇ ਅਧਿਆਤਮਿਕ ਗਿਆਨਵਾਦੀਆਂ ਅਤੇ ਰੋਮਨ ਕੈਥੋਲਿਕਾਂ ਦੇ ਲਈ ਬਿਲਕੁਲ ਢੁਕਵਾਂ ਜਾਪਦਾ ਹੈ ਕਿਉਂਕਿ ਉਹ ਬ੍ਰਹਮਚਾਰੀ ਪਰਥਾ ਅਤੇ ਖਾਣ-ਪੀਣ ਦੀਆਂ ਬਹੁਤ ਸਾਰੀਆਂ ਪ੍ਰਥਾਵਾਂ ਦੀ ਪਾਲਣਾ ਕਰਦੇ ਹਨ। ਪੌਲੁਸ ਨੇ 2 ਤਿਮੋਥਿਉਸ 3:13 ਵਿੱਚ ਲਿਖਿਆ, "ਪਰ ਦੁਸ਼ਟ ਮਨੁੱਖ ਅਤੇ ਛਲੀਏ ਧੋਖਾ ਦਿੰਦੇ ਅਤੇ ਧੋਖਾ ਖਾਂਦੇ ਬੁਰੇ ਤੋਂ ਬੁਰੇ ਹੁੰਦੇ ਜਾਣਗੇ।" ਕੁਝ ਕੁ ਆਇਤਾਂ ਬਾਅਦ ਹੀ ਉਸ ਨੇ ਲਿਖਿਆ, "ਕਿਉਂ ਜੋ ਉਹ ਸਮਾ ਆਵੇਗਾ ਜਦੋਂ ਉਹ ਖਰੀ ਸਿੱਖਿਆ ਨੂੰ ਨਾ ਸਹਿਣਗੇ ਪਰ ਕੰਨਾਂ ਦੀ ਜਲੂਨ ਦੇ ਕਾਰਨ ਆਪਣਿਆਂ ਵਿਸ਼ਿਆਂ ਦੇ ਅਨੁਸਾਰ ਆਪਣੇ ਲਈ ਢੇਰ ਸਾਰੇ ਗੁਰੂ ਧਾਰਨਗੇ" (2 ਤਿਮੋਥਿਉਸ 4:3)। ਇਹ ਸਾਰੀਆਂ ਗੱਲਾਂ ਰਲ਼ ਕੇ ਉਸ ਚਰਮ ਨੂੰ ਤਿਆਰ ਕਰ ਰਹੀਆਂ ਹਨ ਜਿਸ ਵਿੱਚ ਕੁਧਰਮ ਦਾ ਪੁਰਖ ਪੂਰੀ ਤਰ੍ਹਾਂ ਪਰਗਟ ਹੋਵੇਗਾ, ਜਿਸ ਵਿੱਚ ਦੁਸ਼ਟਤਾ ਦੀਆਂ ਸਾਰੀਆਂ ਤਾਕਤਾਂ ਸ਼ਤਾਨ ਦੇ ਨਾਲ ਰਲ਼ ਕੇ ਕੰਮ ਕਰਨਗੀਆਂ (ਆਇਤਾਂ 3, 8)।

ਇਹ ਪ੍ਰਤੀਕਾਤਮਕ ਪੁਰਖ ਸਾਰੀ ਮਸੀਹਤ ਨੂੰ ਗ੍ਰਸਤ ਕਰਨ ਦਾ ਅਤੇ ਸੱਚੇ ਪਰਮੇਸ਼ਰ ਦੀ ਅਰਾਧਨਾ 'ਤੇ ਰੋਕ ਲਗਾਉਣ ਦਾ ਜਤਨ ਕਰੇਗਾ। ਅਜਿਹਾ ਆਖਿਆ ਜਾ ਸਕਦਾ ਹੈ ਕਿ ਇਨ੍ਹਾਂ ਦੁਸ਼ਟਤਾਂ ਦੀਆਂ ਸ਼ਕਤੀਆਂ ਵਿੱਚ, ਜੋ ਰਲ਼ ਕੇ ਕੁਧਕਮ ਦੇ ਪੁਰਖ ਦਾ ਨਿਰਮਾਣ ਕਰਦੀਆਂ ਹਨ, ਝੂਠੇ ਧਰਮ, ਨਾਸਤਿਕਤਾ, ਪਦਾਰਥਵਾਦ ਅਤੇ ਈਸ਼ਵਰਹੀਣਤਾ ਦੀਆਂ ਸ਼ਕਤੀਆਂ ਸ਼ਾਮਲ ਹਨ। ਇਹ ਸਭ ਰਲ਼ ਕੇ ਕੰਮ ਕਰਦੇ ਹਨ, ਤਾਂ ਜੋ ਜਿਵੇਂ ਨੂਹ ਦੇ ਦਿਨਾਂ ਵਿੱਚ ਸੀ (ਮੱਤੀ 24:37), ਉਵੇਂ ਹੀ ਹੁਣ ਲੋਕ ਘੱਟ ਤੋਂ ਘੱਟ ਹੀ ਜਾਣ ਸਕਣ ਕਿ ਪਰਮੇਸ਼ਰ ਕੌਣ ਹੈ ਅਤੇ ਉਸ ਨੇ ਕੀ ਕੀਤਾ ਹੈ।

ਜਦ ਅੰਤ ਨੇੜੇ ਆ ਰਿਹਾ ਹੈ, ਅਜਿਹਾ ਜਾਪੇਗਾ ਕਿ ਯੁੱਧ ਵਿੱਚ ਜਿੱਤ ਬੁਰਿਆਈ ਦੀ ਹੋ ਰਹੀ ਹੈ; ਪਰ ਸਭ ਤੋਂ ਹਨੇਰੇ ਵੇਲੇ ਵਿੱਚ ਮਸੀਹ ਆਪਣੀ ਪਰਤਾਪੀ ਵਾਪਸੀ ਕਰੇਗਾ। ਉਹ "ਤੇਜ" ਵਿੱਚ ਭਰ ਕੇ "ਦੂਤਾਂ" ਦੇ ਨਾਲ (ਮੱਤੀ 25:31), "ਲਲਕਾਰੇ ਨਾਲ, ਮਹਾਂ ਦੂਤ ਦੀ

ਅਵਾਜ਼ ਨਾਲ ਅਤੇ ਪਰਮੇਸ਼ਰ ਦੀ ਤੁਰ੍ਹੀ ਨਾਲ ਸੁਰਗ ਤੋਂ ਉਤਰੇਗਾ" (1 ਥੱਸਲੁਨੀਕੀਆਂ 4:16)। ਮਸੀਹ ਦੀ ਆਮਦ ਕੁਧਰਮ ਦੇ ਪੁਰਖ ਦੇ ਪ੍ਰਗਟਾਵੇ ਨਾਲੋਂ ਕਿਤੇ ਵਧ ਪਰਤਾਪੀ ਹੋਵੇਗੀ। ਮਸੀਹ "[ਉਸ ਨੂੰ] ਆਪਣੇ ਮੁਖ ਦੇ ਸਾਹ ਨਾਲ ਦਗਧ ਕਰੇਗਾ ਅਤੇ ਆਪਣੇ ਆਉਣ ਦੇ ਪਰਕਾਸ਼ ਨਾਲ [ਉਸ ਨੂੰ] ਨਾਸ ਕਰੇਗਾ" (ਆਇਤ 8) ਅਤੇ ਬਿਨਾ ਕਿਸੇ ਯੁੱਧ ਦੇ ਅਸਾਨੀ ਨਾਲ ਉਸ ਨੂੰ ਸਦੀਪਕ ਸਜ਼ਾ ਵਿੱਚ ਧੱਕ ਦੇਵੇਗਾ (ਮੱਤੀ 25:46)।

ਧਰਤੀ ਉਤਲੇ ਸਾਡੇ ਜੀਵਨਕਾਲ ਦੇ ਦੌਰਾਨ ਕਦੇ-ਕਦੇ ਬੁਰਿਆਈ ਅਜਿੱਤ ਜਾਪਦੀ ਹੈ। ਸ਼ਤਾਨ ਅਤੇ ਉਸ ਦੀ ਸੈਨਾ ਕੁਝ ਲੜਾਈਆਂ ਨੂੰ ਜਿੱਤ ਵੀ ਲੈਂਦੀ ਹੈ। ਅਜਿਹਾ ਜਾਪਦਾ ਹੈ ਕਿ ਹਾਲਾਤ ਵਿਗੜਦੇ ਹੀ ਜਾ ਰਹੇ ਹਨ। ਪਰ ਇਸ ਗੱਲ ਤੋਂ ਤਸੱਲੀ ਪ੍ਰਾਪਤ ਕਰੋ ਕਿ ਮਸੀਹ ਯੁੱਧ ਨੂੰ ਪੂਰੀ ਤਰ੍ਹਾਂ ਜਿੱਤ ਲਵੇਗਾ। ਯੂਹੰਨਾ ਨੇ ਲਿਖਿਆ,

> ਤਾਂ ਮੈਂ ਡਿੱਠਾ ਅਤੇ ਸਿੰਘਾਸਣ, ਓਹਨਾਂ ਜੰਤੂਆਂ, ਅਤੇ ਬਜ਼ੁਰਗਾਂ ਦੇ ਦੁਆਲੇ ਬਹੁਤਿਆਂ ਦੂਤਾਂ ਦੀ ਅਵਾਜ਼ ਸੁਣੀ ਅਤੇ ਓਹਨਾਂ ਦੀ ਗਿਣਤੀ ਲੱਖਾਂ ਅਤੇ ਕਰੋੜਾਂ ਸੀ ਅਤੇ ਓਹ ਵੱਡੀ ਅਵਾਜ਼ ਨਾਲ ਇਹ ਆਖਦੇ ਸਨ,-ਲੇਲਾ ਜਿਹੜਾ ਕੋਹਿਆ ਗਿਆ ਸੀ ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, ਮਹਿਮਾ ਅਤੇ ਧੰਨਵਾਦ ਲੈਣ ਦੇ ਜੋਗ ਹੈ! ਹਰੇਕ ਸਰਿਸ਼ਟ ਨੂੰ ਜੋ ਸੁਰਗ ਵਿੱਚ ਅਤੇ ਧਰਤੀ ਉੱਤੇ ਅਤੇ ਧਰਤੀ ਦੇ ਹੇਠ ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ ਜੋ ਓਹਨਾਂ ਦੇ ਵਿੱਚ ਹਨ ਮੈਂ ਇਹ ਆਖਦੇ ਸੁਣਿਆ,-ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਉਹ ਦਾ ਅਤੇ ਲੇਲੇ ਦਾ ਧੰਨਵਾਦ, ਮਾਣ, ਮਹਿਮਾ ਪ੍ਰਾਕਰਮ ਜੁੱਗੋ ਜੁੱਗ ਹੋਵੇ! ਚਾਰੇ ਜੰਤੂ ਬੋਲੇ, ਆਮੀਨ ਅਤੇ ਓਹਨਾਂ ਬਜ਼ੁਰਗਾਂ ਨੇ ਡਿੱਗ ਕੇ ਮੱਥਾ (ਪਰਕਾਸ਼ 5:11–14)।

ਮਸੀਹ ਜਿੱਤ ਹਾਸਿਲ ਕਰੇਗਾ। ਅਸੀਂ ਕਿਸ ਵੱਲ ਹੋਵਾਂਗੇ?

## ਵਧੇਰੇ ਅਧਿਐਨ ਲਈ: ਜੋ "ਡੱਕੀ ਬੈਠਾ ਹੈ" (2:6, 7)

ਇੱਕ ਵਾਰੀ ਇੱਕ ਪ੍ਰਚਾਰ ਪ੍ਰੋਗਰਾਮ ਦੇ ਦੌਰਾਨ ਮੈਂ ਘਰ-ਘਰ ਜਾ ਰਿਹਾ ਸਾਂ ਅਤੇ ਮੈਂ ਇੱਕ ਘਰ ਦਾ ਬੂਹਾ ਖੜਕਾਇਆ, ਤਾਂ ਇੱਕ ਛੋਟੇ ਲੜਕੇ ਨੇ ਬੂਹਾ ਖੋਲ੍ਹਿਆ। ਅਚਾਣਕ ਇੱਕ ਵੱਡਾ ਸਾਰਾ ਗੋਲਡਨ ਰੀਟ੍ਰੀਵਰ ਕੁੱਤਾ ਉਸ ਲੜਕੇ ਦੇ ਕੋਲੋਂ ਦੀ ਲੰਘਦਾ ਹੋਇਆ ਮੇਰੇ ਉੱਤੇ ਹਮਲਾ ਕਰਨ ਦਾ ਜਤਨ ਕਰਨ ਲੱਗਾ। ਪਰ ਸ਼ੁਕਰ ਹੈ ਕਿ ਉਹ ਪਟੇ ਨਾਲ ਬੱਧਾ ਸੀ ਜਿਸ ਨੂੰ ਉਸ ਲੜਕੇ ਦੇ ਵੱਡੇ ਭਰਾ ਨੇ ਫੜਿਆ ਹੋਇਆ ਸੀ। ਵੱਡੇ ਭਰਾ ਨੇ ਉਸ ਕੁੱਤੇ ਨੂੰ ਉਵੇਂ ਹੀ ਡੱਕਿਆ ਹੋਇਆ ਸੀ ਜਿਵੇਂ ਡੱਕਣ ਵਾਲਾ ਕੁਧਰਮ ਦੇ ਪੁਰਖ ਨੂੰ ਡੱਕੇਗਾ। ਬਾਈਬਲ ਉਸ ਬਾਰੇ ਕੀ ਆਖਦੀ ਹੈ ਜੋ ਕੁਧਰਮ ਦੇ ਪੁਰਖ ਨੂੰ ਡੱਕੇਗਾ?

*"ਇੱਕ ਡੱਕਣ ਵਾਲਾ ਹੈ"* (ਆਇਤ 7)। ਪੌਲੁਸ ਨੇ ਲਿਖਿਆ, "ਕੁਧਰਮ ਦੀ ਭੇਤ ਹੁਣ ਵੀ ਤਾਂ ਅਸਰ ਕਰੀ ਜਾਂਦੀ ਹੈ।" ਇਹ ਇਸ ਤਰ੍ਹਾਂ ਕਿਰਿਆਸ਼ੀਲ ਹੈ ਕਿ ਅਜਿੱਤ ਜਾਪਦੀ ਹੈ। ਕੁਧਰਮ ਦੇ ਪੁਰਖ ਦਾ ਕੰਮ ਪੌਲੁਸ ਦੇ ਦਿਨਾਂ ਵਿੱਚ ਸਮਾਜ ਦੇ ਤਾਣੇ-ਬਾਣੇ ਵਿੱਚ ਫੈਲਦਾ ਵਿਖਾਈ ਦੇ ਰਿਹਾ ਸੀ।

ਪਰ ਅਜਿਹਾ ਕੋਈ—ਜਾਂ ਕੁਝ—ਸੀ ਜੋ ਉਸ ਨੂੰ ਡੱਕਣ ਵਾਲੇ ਬਲ ਵਾਂਗ ਕੰਮ ਕਰ ਰਿਹਾ ਸੀ ਅਤੇ ਕਰਦਾ ਆ ਰਿਹਾ ਹੈ। ਇਸ ਬਲ ਨੇ ਕੁਧਰਮ ਦੇ ਪੁਰਖ ਨੂੰ ਪਟੇ ਨਾਲ ਬਨ੍ਹਿਆ ਹੋਇਆ ਹੈ ਤਾਂ ਜੋ ਉਸ ਦੇ ਪਰਗਟ ਹੋਣ ਦਾ ਸਮਾਂ ਅਗਾਂਹ ਵਧਦਾ ਜਾਵੇ।

*"ਜਦ ਤਾਈਂ ਉਹ ਵਿੱਚੋਂ ਹਟ ਨਾ ਜਾਵੇ ਇੱਕ ਡੱਕਣ ਵਾਲਾ ਹੈ"* (ਆਇਤ 7)। "ਹਟ ਨਾ

ਜਾਵੇ" ਸ਼ਬਦ ਧਿਆਨ ਦੇਣ ਜੋਗ ਹਨ।

ਇਹ ਡੱਕਣ ਵਾਲਾ ਕੌਣ ਹੈ ਅਤੇ ਉਸ ਨੂੰ ਰਾਹ ਵਿੱਚੋਂ ਕੌਣ ਹਟਾਵੇਗਾ? ਇਸ ਡੱਕਣ ਵਾਲੇ ਦੀ ਪਛਾਣ ਬਾਰੇ ਅਸੀਂ ਕਿਸ ਸਿੱਟੇ 'ਤੇ ਪੁੱਜ ਸਕਦੇ ਹਾਂ?

ਸਾਨੂੰ ਉਸ ਦੀ ਪਛਾਣ ਬਾਰੇ ਕੁਝ ਆਮ ਟਿੱਪਣੀਆਂ ਕਰਨ ਦੁਆਰਾ ਅਰੰਭ ਕਰਨਾ ਪਵੇਗਾ। ਉਹ ਇੱਕ ਵਿਅਕਤੀ ਹੋ ਸਕਦਾ ਹੈ। ਆਇਤ 7 ਡੱਕਣ ਵਾਲੇ ਨੂੰ "ਉਹ" ਆਖਦੀ ਹੈ। ਯੂਨਾਨੀ ਵਿੱਚ "ਇੱਕ ਡੱਕਣ ਵਾਲਾ ਹੈ" ਕ੍ਰਿਦੰਤ ὁ κατέχων (*ਹੋ ਕਾਟੇਖੋਨ*) ਤੋਂ ਆਇਆ ਹੈ, ਜੋ ਪੁਲਿੰਗ ਹੈ। ਆਮਤੌਰ 'ਤੇ ਇਹ ਇੱਕ ਵਿਅਕਤੀ ਵੱਲ ਇਸ਼ਾਰਾ ਕਰਦਾ ਹੈ, ਪਰ ਹਮੇਸ਼ਾ ਨਹੀਂ।

ਡੱਕਣ ਵਾਲੇ ਨੂੰ ਇੱਕ ਵਸਤੂ ਜਾਂ ਇੱਕ ਬਲ ਵਜੋਂ ਵੀ ਵੇਖਿਆ ਜਾ ਸਕਦਾ ਹੈ। ਆਇਤ 6 ਆਖਦੀ ਹੈ, "ਜੋ ਡੱਕੀ ਬੈਠਾ ਹੈ।" ਇੱਥੇ κατέχω (*ਕਾਟੇਖੋ*) ਦੀ ਵਰਤੋਂ ਨਪੁੰਸਕ ਲਿੰਗ ਕ੍ਰਿਦੰਤ ਵਜੋਂ ਕੀਤੀ ਗਈ ਹੈ, ਜੋ ਦਰਸਾਉਂਦਾ ਹੈ ਕਿ "ਉਹ" ਕੋਈ ਨਿਰਜੀਵ ਵਸਤੂ ਜਾਂ ਬਲ ਹੋ ਸਕਦਾ ਹੈ। ਇਹ ਕੋਈ ਵਿਰੋਧਾਭਾਸ ਨਹੀਂ ਹੈ। ਸਗੋਂ ਆਇਤ 7 ਵਿਚਲਾ "ਉਹ" ਦੇ ਰਾਹੀਂ ਕਿਸੇ ਬਲ ਨੂੰ ਮਨੁੱਖੀ ਰੂਪ ਵਜੋਂ ਦਰਸਾਇਆ ਗਿਆ ਹੈ। ਬਾਈਬਲ ਵਿੱਚ ਇਸ ਤਰ੍ਹਾਂ ਵਸਤਾਂ ਜਾਂ ਬਲ ਨੂੰ ਅਕਸਰ ਮਨੁੱਖੀ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਅਜਿਹਾ ਜਾਪਦਾ ਹੈ ਕਿ ਉਹ ਡੱਕਣ ਵਾਲਾ ਕੋਈ ਵਿਅਕਤੀ ਨਹੀਂ ਸਗੋਂ ਕੋਈ ਵਸਤੂ ਹੈ।

ਹੁਣ ਅਸੀਂ ਇਸ ਦੀ ਵਿਸ਼ੇਸ਼ ਪਛਾਣ ਬਾਰੇ ਗੱਲ ਕਰਾਂਗੇ। ਆਮਤੌਰ 'ਤੇ ਡੱਕਣ ਵਾਲੇ ਦੀ ਪਛਾਣ ਕੁਧਰਮ ਦੇ ਪੁਰਖ ਦੀ ਪਛਾਣ ਦੇ ਨਾਲ ਜੁੜੀ ਹੋਈ ਹੈ।

1. ਜਿਹੜੇ ਲੋਕ ਪੋਪ ਨੂੰ ਕੁਧਰਮ ਦਾ ਪੁਰਖ ਆਖਦੇ ਹਨ, ਉਹ ਡੱਕਣ ਵਾਲੇ ਨੂੰ ਰੋਮੀ ਸਾਮਰਾਜ ਆਖਦੇ ਹਨ।

2. ਜਿਹੜੇ ਲੋਕ ਕਿਸੇ ਪਾਤਸ਼ਾਹ ਨੂੰ ਕੁਧਰਮ ਦਾ ਪੁਰਖ ਆਖਦੇ ਹਨ, ਉਹ ਕਿਸੇ ਵੱਡੇ ਸਮਰਾਟ ਨੂੰ ਡੱਕਣ ਵਾਲਾ ਆਖਦੇ ਹਨ, ਜਿਸ ਨੇ ਪਾਤਸ਼ਾਹਾਂ ਦੀਆਂ ਆਮ ਧਾਰਨਾਵਾਂ ਦੇ ਵਿਰੁੱਧ ਵਿਦਰੋਹ ਕੀਤਾ ਅਤੇ ਅਤੀਤ ਵਿੱਚ ਕਿਸੇ ਵੇਲੇ ਉਸ ਦੀ ਪਾਤਸ਼ਾਹੀ ਨੂੰ ਪੂਰੀ ਤਰ੍ਹਾਂ ਦੁਸ਼ਟਤਾ ਦੇ ਸਾਮਰਾਜ ਵਿੱਚ ਬਦਲ ਜਾਣ ਤੋਂ ਡੱਕਿਆ।

3. ਜਿਹੜੇ ਲੋਕ ਸ਼ਤਾਨ ਨੂੰ ਕੁਧਰਮ ਦਾ ਪੁਰਖ ਆਖਦੇ ਹਨ ਉਹ ਪਵਿੱਤਰ ਆਤਮਾ ਨੂੰ ਡੱਕਣ ਵਾਲਾ ਆਖਦੇ ਹਨ। ਪਰ ਹੇਠ ਲਿਖੇ ਕਾਰਨਾਂ ਕਰਕੇ ਪਵਿੱਤਰ ਆਤਮਾ ਡੱਕਣ ਵਾਲਾ ਨਹੀਂ ਹੋ ਸਕਦਾ:

> ਡੱਕਣ ਵਾਲੇ ਨੂੰ ਜਬਰਨ, ਸ਼ਾਇਦ ਹਿੰਸਕ ਰੂਪ ਵਿੱਚ ਹਟਾਇਆ ਜਾਂਦਾ ਹੈ। ਸ਼ਤਾਨ ਪਵਿੱਤਰ ਆਤਮਾ ਉੱਤੇ ਹਾਵੀ ਨਹੀਂ ਹੋ ਸਕਦਾ।
>
> ਕੇਵਲ ਪਰਮੇਸ਼ਰ ਕੋਲ ਹੀ ਅਜਿਹਾ ਕਰਨ ਦੀ ਸ਼ਕਤੀ ਹੈ, ਪਰ ਉਹ ਪਵਿੱਤਰ ਆਤਮਾ ਦੇ ਵਿਰੁੱਧ ਕੰਮ ਨਹੀਂ ਕਰੇਗਾ।

4. ਜਿਹੜੇ ਲੋਕ ਦੁਸ਼ਟਤਾ ਦੇ ਮਨੁੱਖੀ ਰੂਪ ਨੂੰ ਕੁਧਰਮ ਦਾ ਪੁਰਖ ਆਖਦੇ ਹਨ, ਉਹ ਸੰਸਾਰ ਦੀਆਂ ਸਰਕਾਰਾਂ ਵਿਚਲੇ ਰੂੜੀਵਾਦੀ ਅਤੇ ਨੈਤਿਕ ਬਲਾਂ ਨੂੰ ਡੱਕਣ ਵਾਲਾ ਆਖਦੇ ਹਨ, ਜੋ ਦੁਸ਼ਟਤਾ ਉੱਤੇ ਨਿਯੰਤ੍ਰਣ ਰੱਖਦਾ ਹੈ। ਇਸ ਤਰ੍ਹਾਂ ਦਰਅਸਲ ਇਹ ਡੱਕਣ ਵਾਲਾ ਉਹ ਲੋਕ ਅਤੇ ਤਾਕਤਾਂ ਹਨ ਜਿਹੜੇ ਸੱਚਾਈ ਅਤੇ ਇਨਸਾਫ਼ ਲਈ ਖੜ੍ਹੇ ਹੁੰਦੇ ਹਨ ਅਤੇ ਕੁਧਰਮ ਦੇ ਪੁਰਖ ਨੂੰ ਪੂਰਾ ਨਿਯੰਤ੍ਰਣ ਕਰਨ ਤੋਂ ਰੋਕਦੇ ਹਨ। ਇਹ ਵਿਆਖਿਆ ਰੋਮੀ ਸਾਮਰਾਜ, ਇੱਕ

ਯੋਗ ਸਮਰਾਟ ਜਾਂ ਪਵਿੱਤਰ ਆਤਮਾ ਨਾਲੋਂ ਕਿਤੇ ਵਧੇਰੇ ਢੁਕਵੀਂ ਜਾਪਦੀ ਹੈ।

# ਪ੍ਰਾਸੰਗਿਕਤਾ

ਇਹ ਅਧਿਆਇ ਨਿਸ਼ਚਿਤ ਤੌਰ ’ਤੇ ਉਹ “ਵਿਆਖਿਆ” ਹੈ ਜਿਸ ਨੂੰ ਪੁਚਾਉਣ ਲਈ ਇਹ ਪੱਤਰ ਲਿਖਿਆ ਗਿਆ ਸੀ। ਇਸ ਦਾ ਕੇਂਦਰ “ਕੁਧਰਮ ਦੇ ਪੁਰਖ” ਦੇ ਆਉਣ ਬਾਰੇ ਚਰਚਾ ਕਰਨਾ ਹੈ। ਕਿਸੇ ਕਾਰਨ ਵਜੋਂ, ਥੱਸਲੁਨੀਕੀਆਂ ਦੇ ਮਨਾਂ ਵਿੱਚ ਇਹ ਵਿਚਾਰ ਬੈਠ ਗਿਆ ਸੀ ਕਿ ਮਸੀਹ ਉਨ੍ਹਾਂ ਦੇ ਜੀਵਨਕਾਲ ਵਿੱਚ ਹੀ ਵਾਪਿਸ ਆ ਰਿਹਾ ਹੈ, ਜਾਂ ਪ੍ਰਭੂ ਦੀ ਆਮਦ ਉਨ੍ਹਾਂ ਦੇ ਵਰਤਮਾਨ ਵਿੱਚ ਹੋਣੀ ਸੀ। ਇਸੇ ਕਰਕੇ ਉਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਆਪਣੇ ਕੰਮ-ਧੰਦੇ ਛੱਡ ਦਿੱਤੇ ਸਨ ਅਤੇ ਵਿਹਲੇ ਰਹਿ ਕੇ ਦੂਜਿਆਂ ਦਿਆਂ ਕੰਮਾਂ ਵਿੱਚ ਲੱਤ ਫਸਾਉਣ ਲੱਗ ਪਏ ਸਨ। ਪੌਲੁਸ ਨੇ ਉਨ੍ਹਾਂ ਨੂੰ ਮਸੀਹ ਦੀ ਆਮਦ ਬਾਰੇ ਵਧੇਰੇ ਜਾਣਕਾਰੀ ਦਿੱਤੀ ਅਤੇ ਦਰਸਾਇਆ ਕਿ ਉਸ ਦੀ ਆਮਦ ਤੁਰੰਤ ਨਹੀਂ ਹੋਣੀ ਸੀ।

ਇਸ ਅਧਿਆਇ ਵਿੱਚ ਉਸ ਦਾ ਮੁੱਖ ਵਿਸ਼ਾ ਇਹ ਹੈ ਕਿ ਦੂਜੀ ਆਮਦ ਉਸ ਵੇਲੇ ਤੱਕ ਨਹੀਂ ਹੋ ਸਕਦੀ ਜਦ ਤੱਕ ਪਾਪ ਦਾ ਪੁਰਖ ਨਾ ਪਰਗਟ ਹੋ ਜਾਵੇ। ਵਿਸ਼ਵਾਸ-ਤਿਆਗ ਦੀ ਇੱਕ ਵਿਸਤ੍ਰਿਤ ਅਤੇ ਡਰਾਉਣੀ ਤਸਵੀਰ ਪੇਸ਼ ਕੀਤੀ ਗਈ ਹੈ, ਜਿਹੜੀ ਪਰਗਟ ਹੋਵੇਗੀ ਅਤੇ ਸਮੇਂ ਦੇ ਅੰਤ ਤੱਕ ਰਹੇਗੀ।

**ਯਿਸੂ ਦੀ ਵਾਪਸੀ ਦੇ ਪ੍ਰਤੀ ਸਾਡਾ ਰਵੱਈਆ (2:1, 2)**

ਪੌਲੁਸ ਨੇ ਸਿਖਾਇਆ ਕਿ ਦੂਜੀ ਆਮਦ ਤਦ ਤੱਕ ਨਹੀਂ ਹੋਵੇਗੀ ਜਦ ਤੱਕ ਕੁਧਰਮ ਦਾ ਪੁਰਖ ਪਰਗਟ ਨਾ ਹੋ ਜਾਵੇ (ਆਇਤ 3)। ਉਸ ਨੇ ਇਨ੍ਹਾਂ ਮਸਲਿਆਂ ਬਾਰੇ ਉਨ੍ਹਾਂ ਨੂੰ ਉਸ ਵੇਲੇ ਦੱਸਿਆ ਸੀ ਜਿਸ ਵੇਲੇ ਉਹ ਉਨ੍ਹਾਂ ਦੇ ਨਾਲ ਸੀ (ਆਇਤ 5), ਪਰ ਉਹ ਇਨ੍ਹਾਂ ਬਾਰੇ ਭੰਬਲਭੂਸੇ ਵਿੱਚ ਪੈ ਗਏ ਸਨ। ਸ਼ਾਇਦ ਕੁਝ ਲੋਕ ਅਰਾਮ ਫਰਮਾਉਂਦਿਆਂ ਪ੍ਰਭੂ ਦੀ ਉਡੀਕ ਕਰਨ ਲੱਗੇ ਸਨ, ਕਿਉਂਕਿ ਧਰਤੀ ਉੱਤੇ ਉਨ੍ਹਾਂ ਦਾ ਕੀਮਤੀ ਸਮਾਂ ਬਰਬਾਦ ਹੋ ਰਿਹਾ ਸੀ (3:10–12)।

ਪੌਲੁਸ ਨੇ ਯਿਸੂ ਦੀ ਵਾਪਸੀ ਅਤੇ ਉਸ ਦੇ ਨਾਲ ਇਕੱਠੇ ਹੋਣ ਬਾਰੇ ਉਨ੍ਹਾਂ ਨੂੰ ਤਾਗੀਦ ਕੀਤੀ। ਉਹ ਬੜੀ ਦ੍ਰਿੜ੍ਹਤਾ ਦੇ ਨਾਲ ἐπισυναγωγή (*ਏਪਿਸੁਨਾਗੋਗੇ*) ਸ਼ਬਦ ਦੀ ਵਰਤੋਂ ਕਰ ਰਿਹਾ ਸੀ, ਜਿਸ ਦਾ ਅਰਥ ਹੈ, “ਇਕੱਠਿਆਂ ਹੋਣਾ।” ਇਹ ਦੁਬਾਰਾ ਕੇਵਲ ਇੱਕ ਹੋਰ ਵਾਰ ਇਬਰਾਨੀਆਂ 10:25 ਵਿੱਚ ਇਸਤੇਮਾਲ ਹੋਇਆ ਹੈ, ਜਿੱਥੇ ਇਹ ਅਰਾਧਨਾ ਦੇ ਲਈ ਪਰਮੇਸ਼ਰ ਦੇ ਲੋਕਾਂ ਦੇ ਨਿਯਮਿਤ ਤੌਰ ’ਤੇ ਇਕੱਠੇ ਹੋਣ ਬਾਰੇ ਗੱਲ ਕਰਦਾ ਹੈ।

ਉਸ ਦੀ ਵਿਸਤ੍ਰਿਤ ਚਰਚਾ ਦਾ ਅਰੰਭ ਮਸੀਹ ਦੀ ਵਾਪਸੀ ਦੀ ਜਾਣਕਾਰੀ ਬਾਰੇ ਥੱਸਲੁਨੀਕੀਆਂ ਨੂੰ ਦਿੱਤੇ ਗਏ ਵਿਸ਼ੇਸ਼ ਨਿਰਦੇਸ਼ਾਂ ਦੇ ਨਾਲ ਹੁੰਦਾ ਹੈ। ਇਸ ਬਾਰੇ ਅਸੀਂ ਕੀ ਕਰਨਾ ਹੈ?

*ਆਲੋਚਨਾਤਮਕ ਰੀਤੀ ਨਾਲ ਸੁਣੋ।* ਥੱਸਲੁਨੀਕੀਆਂ ਨੇ ਦੂਜੀ ਆਮਦ ਬਾਰੇ ਹੋਰਨਾਂ ਲੋਕਾਂ ਨੂੰ ਸਿੱਖਿਆ ਦਿੰਦਿਆਂ ਸੁਣਿਆ ਸੀ। ਅਸੀਂ ਨਹੀਂ ਜਾਣਦੇ ਕਿ ਉਹ ਲੋਕ ਕੀ ਸਿਖਾ ਰਹੇ ਸਨ। ਅਜਿਹਾ ਹੋ ਸਕਦਾ ਹੈ ਕਿ ਉਹ ਬਹਿਸ ਕਰ ਰਹੇ ਹੋਣ ਭਈ “ਪ੍ਰਭੂ ਦਾ ਦਿਨ” ਆ ਚੁੱਕਾ ਹੈ। ਪੌਲੁਸ ਦੇ ਕਹਿਣ ਦਾ ਭਾਵ ਇਹ ਸੀ ਕਿ ਜੋ ਕੋਈ ਦੂਜੀ ਆਮਦ ਬਾਰੇ ਗੱਲ ਕਰ ਰਿਹਾ ਹੈ ਉਸ ਨੂੰ ਆਲੋਚਨਾਤਮਕ ਰੀਤੀ ਨਾਲ ਸੁਣੋ।

*ਪਵਿੱਤਰ ਸ਼ਾਸਤਰ ਨੂੰ ਵੇਖੋ।* ਪੌਲੁਸ ਚਾਹੁੰਦਾ ਸੀ ਕਿ ਉਨ੍ਹਾਂ ਦੇ ਕੋਲ ਮਸੀਹ ਦੀ ਵਾਪਸੀ

ਦੇ ਤੱਥਾਂ ਦੀ ਜਾਣਕਾਰੀ ਹੋਵੇ। ਇੱਥੇ ਕਹਿਣ ਦਾ ਭਾਵ ਇਹ ਹੈ ਕਿ ਉਹ ਉਸ ਦੇ ਪੱਤਰ ਨੂੰ ਪੜ੍ਹਨ ਅਤੇ ਇਨ੍ਹਾਂ ਗੱਲਾਂ ਨੂੰ ਆਪਣੇ ਹਿਰਦੇ ਵਿੱਚ ਰੱਖਣ, ਕਿਉਂਕਿ ਇਸ ਵਿੱਚ ਯਿਸੂ ਦੀ ਵਾਪਸੀ ਬਾਰੇ ਸੱਚਾਈਆਂ ਲਿਖੀਆਂ ਹਨ।

*ਸੱਚਾਈ ਵਿੱਚ ਦ੍ਰਿੜ੍ਹ ਹੋਵੋ।* ਪੌਲੁਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਦੂਜੀ ਆਮਦ ਬਾਰੇ ਝੂਠੀਆਂ ਸਿੱਖਿਆਵਾਂ ਦੇ ਕਾਰਨ ਡੋਲ ਨਾ ਜਾਣ ਜਾਂ ਪਰੇਸ਼ਾਨ ਨਾ ਹੋਣ (ਆਇਤਾਂ 1, 2)। ਉਸ ਨੇ ਆਖਿਆ, "ਕਿਸੇ ਰੂਹ ਯਾ ਬਾਣੀ ਯਾ ਸਾਡੇ ਨਾਉਂ ਦੀ ਜਾਹਲੀ ਪੱਤ੍ਰੀ ਤੋਂ ਆਪਣੇ ਮਨੋਂ ਛੇਤੀ ਨਾ ਡੋਲੋ।" ਕੁਝ ਲੋਕਾਂ ਨੇ ਇਹ ਵੀ ਆਖਿਆ ਹੋਵੇਗਾ ਕਿ ਉਨ੍ਹਾਂ ਦੇ ਕੋਲ ਪੌਲੁਸ ਵੱਲੋਂ ਆਇਆ ਇੱਕ ਪੱਤਰ ਹੈ (ਆਇਤ 2) ਜਿਸ ਵਿੱਚ ਇਹ ਲਿਖਿਆ ਹੈ ਕਿ ਪ੍ਰਭੂ ਦਾ ਦਿਨ ਆ ਚੁੱਕਾ ਹੈ। ਕੁਝ ਲੋਕਾਂ ਨੇ ਇਹ ਵੀ ਆਖਿਆ ਹੋਵੇਗਾ ਕਿ ਕਿਸੇ ਆਤਮਾ ਨੇ ਉਸ ਦੀ ਵਾਪਸੀ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਹੈ।

ਪੌਲੁਸ ਨੇ ਥੱਸਲੁਨੀਕੀਆਂ ਨੂੰ ਬੇਨਤੀ ਕੀਤੀ ਕਿ ਮਸੀਹ ਦੀ ਦੂਜੀ ਆਮਦ ਬਾਰੇ ਝੂਠੀ ਸਿੱਖਿਆ ਨੂੰ ਲੈ ਕੇ ਉਹ ਡੋਲ ਨਾ ਜਾਣ ਅਤੇ ਨਾ ਹੀ ਪਰੇਸ਼ਾਨ ਹੋਣ। ਉਨ੍ਹਾਂ ਨੂੰ ਉਨ੍ਹਾਂ ਦੇ ਸਾਹਮਣੇ ਮਸੀਹ ਦੀ ਵਾਪਸੀ ਬਾਰੇ ਆਉਣ ਵਾਲੀਆਂ ਝੂਠੀਆਂ ਸਿੱਖਿਆਵਾਂ ਨੂੰ ਰੱਦਣਾ ਸੀ ਅਤੇ ਉਸ ਵੱਲੋਂ ਦਿੱਤੀ ਜਾ ਰਹੀ ਸਿੱਖਿਆ ਨੂੰ ਕਬੂਲ ਕਰਨਾ ਸੀ। ਅਸੀਂ ਵੀ ਅਜਿਹਾ ਹੀ ਕਰਨਾ ਹੈ। ਅਸੀਂ ਮਸੀਹ ਦੀ ਵਾਪਸੀ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਹੈ ਅਤੇ ਇਸ ਬਾਰੇ ਨਵੇਂ ਨੇਮ ਦੀ ਸਿੱਖਿਆ ਵਿੱਚ ਦ੍ਰਿੜ੍ਹ ਰਹਿਣਾ ਹੈ। EC

### ਪਾਪ ਦੇ ਪੁਰਖ ਦਾ ਆਉਣਾ (2:3-9)

ਪਹਿਲਾ ਕੰਮ ਜਿਹੜਾ ਪੌਲੁਸ ਨੇ ਕੀਤਾ ਉਹ ਇਹ ਸੀ ਕਿ ਉਸ ਨੇ ਆਉਣ ਵਾਲੇ ਪਾਪ ਦੇ ਪੁਰਖ ਦਾ ਵੇਰਵਾ ਦਿੱਤਾ। ਉਹ ਥੱਸਲੁਨੀਕੀਆਂ ਨੂੰ ਦੱਸਣਾ ਚਾਹੁੰਦਾ ਸੀ ਕਿ ਇਹ ਵਿਅਕਤੀ ਮਸੀਹ ਦੀ ਵਾਪਸੀ ਤੋਂ ਪਹਿਲਾਂ ਜ਼ਰੂਰ ਪਰਗਟ ਹੋਵੇਗਾ। ਮਸੀਹ ਦੀ ਦੂਜੀ ਆਮਦ ਤੋਂ ਪਹਿਲਾਂ ਪਾਪ ਦੇ ਪੁਰਖ ਦਾ ਆਉਣਾ ਹੋਵੇਗਾ। ਉਸ ਨੇ ਆਪਣੇ ਭਾਈਆਂ ਅੱਗੇ ਬੇਨਤੀ ਕੀਤੀ ਕਿ ਇਸ ਤੱਥ ਬਾਰੇ ਉਹ ਕਿਸੇ ਦੇ ਛਲਾਵੇ ਵਿੱਚ ਨਾ ਆ ਜਾਣ।

ਉਨ੍ਹਾਂ ਦੇ ਲਈ ਪਾਪ ਦੇ ਇਸ ਪੁਰਖ ਦਾ ਵੇਰਵਾ ਚਾਰ ਤਰ੍ਹਾਂ ਨਾਲ ਦਿੱਤਾ ਗਿਆ ਹੈ।

*ਸ਼ਰਾ ਦੇ ਨਾਲ ਉਸ ਦਾ ਸੰਬੰਧ।* ਉਹ ਕੁਧਰਮ ਦਾ ਪੁਰਖ ਹੈ (ਆਇਤ 3), ਉਹ ਦਿੱਤੀ ਗਈ ਹਰੇਕ ਸ਼ਰਾ, ਆਤਮਕ ਸ਼ਰਾ ਅਤੇ ਸਿਆਸੀ ਕਨੂੰਨ ਦਾ ਵਿਰੋਧ ਕਰੇਗਾ। ਇਸੇ ਕਰਕੇ ਉਸ ਨੂੰ ਇਹ ਨਾਮ ਦਿੱਤਾ ਗਿਆ ਹੈ, "ਕੁਧਰਮ ਦਾ ਪੁਰਖ।"

*ਭਵਿੱਖ ਦੇ ਨਾਲ ਉਸ ਦਾ ਸੰਬੰਧ।* ਉਹ ਕੁਧਰਮ ਦੇ ਭੇਤ ਵਿੱਚੋਂ ਵਿਕਸਿਤ ਹੋਵੇਗਾ, ਜੋ ਪੌਲੁਸ ਦੇ ਦਿਨਾਂ ਵਿੱਚ ਕੰਮ ਕਰ ਰਿਹਾ ਸੀ। ਵਿਨਾਸ ਦਾ ਪੁੱਤਰ (ਆਇਤ 3) ਹੋਣ ਕਰਕੇ, ਯਹੂਦਾ ਦੀ ਤਰ੍ਹਾਂ, ਉਸ ਦੇ ਕੰਮ ਅਤੇ ਉਸ ਦੇ ਅੰਤ ਵਿੱਚ ਵਿਨਾਸ ਹੀ ਦਿਖੇਗਾ। ਉਹ ਵਿਨਾਸ ਦੇ ਵੱਲ ਵਧੇਗਾ ਅਤੇ ਉਸ ਦੀ ਪੈਰੋਕਾਰੀ ਕਰਨ ਵਾਲੇ ਹਰੇਕ ਵਿਅਕਤੀ ਨੂੰ ਉਹ ਆਪਣੇ ਨਾਲ ਲੈ ਜਾਵੇਗਾ। ਪੌਲੁਸ ਦੇ ਸਮੇਂ ਵੇਲੇ ਇਸ ਪਾਪ ਦੇ ਪੁਰਖ ਨੂੰ ਕੋਈ ਸ਼ਕਤੀ ਜਾਂ ਬਲ ਡੱਕ ਰਿਹਾ ਸੀ (ਆਇਤ 6)। ਇਸ ਕਰਕੇ ਭਵਿੱਖ ਵਿੱਚ ਉਹ ਅਚਾਣਕ ਪਰਗਟ ਹੋਵੇਗਾ ਅਤੇ ਰਾਜ ਕਰੇਗਾ ਅਤੇ ਯਿਸੂ ਦੀ ਵਾਪਸੀ ਤੱਕ ਆਤਮਕ ਤਬਾਹੀ ਮਚਾ ਕੇ ਰੱਖੇਗਾ। ਆਪਣੀ ਵਾਪਸੀ ਵੇਲੇ ਯਿਸੂ ਉਸ ਨੂੰ ਆਪਣੇ ਮੂੰਹ ਦੇ ਸਾਹ ਦੇ ਨਾਲ ਨਾਸ ਕਰ ਸੁੱਟੇਗਾ।

ਪੌਲੁਸ ਨੇ ਆਖਿਆ ਕਿ ਪੱਤਰ ਲਿਖੇ ਜਾਣ ਵੇਲੇ ਕੁਧਰਮ ਦਾ ਭੇਤ ਕੰਮ ਕਰ ਰਿਹਾ ਸੀ

(ਆਇਤ 7)। ਇਸ ਕਰਕੇ ਇਸ ਨਬੂਵਤ ਦੀ ਪੂਰਤੀ ਦੇ ਅਰੰਭ ਨੂੰ ਪੌਲੁਸ ਦੇ ਦਿਨਾਂ ਵਿੱਚ ਹੀ ਵੇਖਿਆ ਜਾ ਸਕਦਾ ਸੀ। ਆਇਤ 6 ਵਿੱਚ ਪੌਲੁਸ ਨੇ ਆਖਿਆ ਕਿ ਪਾਪ ਦਾ ਪੁਰਖ "ਆਪਣੇ ਸਮੇਂ ਸਿਰ" ਪਰਗਟ ਹੋਵੇਗਾ। ਕੇਵਲ ਇੱਕੋ ਗੱਲ ਉਸ ਨੂੰ ਉਸ ਵੇਲੇ ਪਰਗਟ ਹੋਣ ਤੋਂ ਰੋਕ ਰਹੀ ਸੀ, ਉਹ ਸੀ ਉਸ ਨੂੰ ਡੱਕਣ ਵਾਲਾ।

*ਪਰਮੇਸ਼ਰ ਦੇ ਨਾਲ ਉਸ ਦਾ ਸੰਬੰਧ।* ਉਹ ਆਪਣੇ ਆਪ ਨੂੰ ਹਰੇਕ ਤਰ੍ਹਾਂ ਦੇ ਈਸ਼ਵਰ ਤੋਂ ਜਾਂ ਅਰਾਧਨਾ ਦੇ ਕੇਂਦਰ ਤੋਂ ਉਤਾਂਹ ਚੁੱਕੇਗਾ ਅਤੇ ਪਰਮੇਸ਼ਰ ਦੇ ਮੰਦਰ ਵਿੱਚ ਜਾ ਵਿਰਾਜੇਗਾ। ਉਹ ਆਪਣੇ ਆਪ ਨੂੰ ਪਰਮੇਸ਼ਰ ਐਲਾਨੇਗਾ। ਉਹ ਆਪਣੇ ਆਪ ਨੂੰ ਧਾਰਮਿਕ ਖੇਤਰ ਵਿੱਚ ਲੈ ਕੇ ਆਵੇਗਾ, ਪਰ ਉਸ ਦੇ ਆਗਮਨ ਦੇ ਗੰਭੀਰ ਅਸਰ ਪੈਣਗੇ। ਇੱਥੇ ਕਹਿਣ ਦਾ ਭਾਵ ਇਹ ਜਾਪਦਾ ਹੈ ਕਿ ਉਹ ਇੱਕ ਬਹੁਤ ਵੱਡੇ ਵਿਸ਼ਵਾਸ-ਤਿਆਗ ਦਾ ਮੋਢੀ ਬਣੇਗਾ, ਜਿਸ ਦਾ ਅਰੰਭ ਪੌਲੁਸ ਦੇ ਦਿਨਾਂ ਵਿੱਚ ਪਰਗਟ ਸੀ। ਜਿਸ ਵਿਸ਼ਵਾਸ-ਤਿਆਗ ਦਾ ਉਹ ਮੋਢੀ ਹੋਵੇਗਾ, ਉਸ ਦਾ ਪ੍ਰਭਾਵ ਸਾਰੇ ਸੰਸਾਰ ਉੱਤੇ ਪਵੇਗਾ।

*ਸ਼ਤਾਨ ਦੇ ਨਾਲ ਉਸ ਦਾ ਸੰਬੰਧ।* ਉਸ ਸ਼ਤਾਨ ਦੇ ਦੁਆਰਾ ਚਲਾਇਆ ਅਤੇ ਪਾਲਿਆ ਜਾਵੇਗਾ (ਆਇਤ 9)। ਸ਼ਕਤੀਸ਼ਾਲੀ ਝੂਠੇ ਚਿੰਨ੍ਹ ਅਤੇ ਚਮਤਕਾਰ ਦਰਸਾਉਂਦਿਆਂ (ਆਇਤ 9) ਉਹ ਕਈਆਂ ਨੂੰ ਆਪਣੇ ਪੈਰੋਕਾਰ ਹੋਣ ਲਈ ਮਨਾ ਲਵੇਗਾ। ਦੁਸ਼ਟ, ਵਿਨਾਸ਼ਕਾਰੀ ਅਤੇ ਬਹੁਤ ਜ਼ਿਆਦਾ ਧੋਖਾ (ਆਇਤ 10) ਉਸ ਦੇ ਕੰਮ ਕਰਨ ਦਾ ਮੁੱਖ ਤਰੀਕਾ ਹੋਣਗੇ।

ਪੌਲੁਸ ਵੱਲੋਂ ਪੇਸ਼ ਕੀਤੀ ਗਈ ਇਹ ਤਸਵੀਰ ਨਵੇਂ ਨੇਮ ਦੀ ਸਭ ਤੋਂ ਵਧ ਡਰਾਉਣੀ ਤਸਵੀਰ ਹੈ। ਰੋਮੀ ਸਾਮਰਾਜ ਦੇ ਕਈ ਨਗਰਾਂ ਵਿੱਚ ਅਸਲੀ ਮਸੀਹਤ ਦੇ ਦ੍ਰਿੜ੍ਹ ਹੋ ਜਾਣ ਤੋਂ ਬਾਅਦ ਇਹ ਉਮੀਦ ਕੀਤੀ ਜਾ ਸਕਦੀ ਸੀ ਕਿ ਸ਼ਤਾਨ ਆਪਣੇ ਕਾਰੋਬਾਰ ਦਾ ਅਰੰਭ ਕਰੇਗਾ ਤਾਂ ਜੋ ਜਿੰਨੇ ਜ਼ਿਆਦਾ ਹੋ ਸਕਣ ਲੋਕਾਂ ਨੂੰ ਇਸ ਰਾਹ ਤੋਂ ਭਟਕਾ ਦੇਵੇ। ਪਾਪ ਦੇ ਪੁਰਖ ਦੇ ਰਾਹੀਂ ਸ਼ਤਾਨ ਨੇ ਇਹੋ ਕੀਤਾ ਅਤੇ ਕਰ ਰਿਹਾ ਹੈ! EC

### ਕੀ ਇੱਕ ਪ੍ਰੇਮੀ ਪਰਮੇਸ਼ਰ "ਧੋਖੇ ਦਾ ਅਸਰ" ਘੱਲ ਸਕਦਾ ਹੈ? (2:11)

ਇੱਕ ਪ੍ਰੇਮੀ ਪਰਮੇਸ਼ਰ "ਧੋਖੇ ਦਾ ਅਸਰ" ਕਿਵੇਂ ਘੱਲ ਸਕਦਾ ਹੈ? ਸਾਨੂੰ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਪਰਮੇਸ਼ਰ ਨੇ ਲੋਕਾਂ ਨੂੰ ਇੱਕ ਅਜ਼ਾਦ ਇੱਛਾ ਵੀ ਦਿੱਤੀ ਹੈ। ਪੁਰਸ਼ਾਂ ਅਤੇ ਇਸਤਰੀਆਂ ਵਿੱਚ ਚੰਗਾ ਸਿਖਾਉਣ ਦੀ ਯੋਗਤਾ ਵੀ ਹੈ ਅਤੇ ਬੁਰਾ ਸਿਖਾਉਣ ਦੀ ਵੀ। ਉਹ ਚੰਗੇ ਅਤੇ ਬੁਰੇ ਉੱਤੇ ਵਿਸ਼ਵਾਸ ਵੀ ਕਰ ਸਕਦੇ ਹਨ। ਪਰ ਗੰਭੀਰ ਖੋਜੀ ਸਹੀ ਅਤੇ ਗਲਤ ਵਿਚਕਾਰ ਅੰਤਰ ਕਰਨ ਦੇ ਯੋਗ ਹੋਵੇਗਾ। ਜਿਸ ਨੇ ਸੱਚਾਈ ਨੂੰ ਰੱਦ ਦਿੱਤਾ ਹੈ ਉਹ ਆਪਣੇ ਆਪ ਨੂੰ ਇਸ ਗੱਲ 'ਤੇ ਰਾਜੀ ਕਰ ਲੈਂਦਾ ਹੈ ਕਿ ਝੂਠ ਹੀ ਸੱਚ ਹੈ। ਪਰਮੇਸ਼ਰ ਅਜਿਹੇ ਵਿਅਕਤੀ ਨੂੰ ਭੁਲੇਖੇ ਵਿੱਚ ਪਏ ਰਹਿਣ ਦੇਵੇਗਾ।

ਪਰਮੇਸ਼ਰ ਨੇ ਲੋਕਾਂ ਨੂੰ ਚੁਣਨ ਲਈ ਦੋ ਰਾਹ ਦਿੱਤੇ ਹਨ (ਮੱਤੀ 7:13, 14)। ਇੱਕ ਸੌੜਾ ਰਾਹ ਜੀਵਨ ਵੱਲ ਨੂੰ ਜਾਂਦਾ ਹੈ ਅਤੇ ਖੁੱਲ੍ਹਾ ਰਾਹ ਮੌਤ ਵੱਲ ਨੂੰ ਜਾਂਦਾ ਹੈ। ਖੁੱਲ੍ਹਾ ਰਾਹ ਚੁਣ ਕੇ ਲੋਕ ਧੋਖੇ ਵਿੱਚ ਜਾਣ ਨੂੰ ਚੁਣ ਲੈਂਦੇ ਹਨ। ਜਿਹੜੇ ਲੋਕ ਧੋਖੇ ਵਿੱਚ ਪੈਂਦੇ ਹਨ ਉਹ ਦੋਸ਼ੀ ਵੀ ਠਹਿਰਦੇ ਹਨ (ਆਇਤ 12)। ਪਰਮੇਸ਼ਰ ਅਜਿਹਾ ਨਹੀਂ ਹੋਣ ਦੇਣਾ ਚਾਹੁੰਦਾ (2 ਪਤਰਸ 3:9)। ਪਰ ਜੇਕਰ ਕਿਸੇ ਨੇ ਸੱਚਾਈ ਦੇ ਵਿਰੁੱਧ ਜਾਣ ਦਾ ਫੈਸਲਾ ਕਰ ਹੀ ਲਿਆ ਹੈ, ਤਾਂ ਪਰਮੇਸ਼ਰ ਅਜਿਹੇ ਵਿਅਕਤੀ ਨੂੰ ਝੂਠ ਉੱਤੇ ਵਿਸ਼ਵਾਸ ਕਰ ਲੈਣ ਦਿੰਦਾ ਹੈ ਅਤੇ ਉਹ ਦੋਸ਼ੀ ਠਹਿਰਦਾ ਹੈ।

ਪਰਮੇਸ਼ਰ ਚੋਣ ਕਰਨ ਦੀ ਅਜ਼ਾਦੀ ਦਿੰਦਾ ਹੈ, ਪਰ ਸਾਨੂੰ ਗਲਤ ਸਿੱਖਿਆ ਬਾਰੇ ਸਾਵਧਾਨ ਰਹਿਣਾ ਹੈ, ਜਿਵੇਂ ਕਿ ਸਮਲਿੰਗੀ ਸੰਬੰਧਾਂ ਨੂੰ ਸਵੀਕਾਰ ਕਰਨਾ, ਵਿਆਹ ਤੋਂ ਪਹਿਲਾਂ ਜਾਂ ਜੀਵਨਸਾਥੀ ਤੋਂ ਇਲਾਵਾ ਕਿਸੇ ਹੋਰ ਨਾਲ ਸਰੀਰਕ ਸੰਬੰਧਾਂ ਨੂੰ ਸਵੀਕਾਰ ਕਰਨਾ, ਜਾਂ ਮਸੀਹ ਨੂੰ ਪਰਮੇਸ਼ਰ ਕੋਲ ਜਾਣ ਦਾ ਇੱਕ ਰਾਹ ਸਵੀਕਾਰ ਕਰਨਾ ਪਰ ਇੱਕਮਾਤਰ ਰਾਹ ਨਹੀਂ। ਪਰਮੇਸ਼ਰ ਅਜਿਹੀ ਸਿੱਖਿਆਵਾਂ ਨੂੰ ਚੱਲਣ ਦਿੰਦਾ ਹੈ, ਪਰ ਇਹ ਸਾਡੀ ਜਿੰਮੇਵਾਰੀ ਹੈ ਕਿ ਅਸੀਂ ਸਹੀ ਅਤੇ ਗਲਤ ਵਿੱਚ ਅੰਤਰ ਕਰੀਏ।

ਸਹੀ ਅਤੇ ਗਲਤ ਵਿੱਚ ਅੰਤਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਸੱਚਾਈ ਨੂੰ ਜਾਣਨਾ। ਪਰਮੇਸ਼ਰ ਦਾ ਵਚਨ ਸੱਚ ਹੈ (ਯੂਹੰਨਾ 17:17)। ਆਈਸਕ ਵਾਟਸ ਨੇ ਲਿਖਿਆ,

> ਨੌਜਵਾਨ ਆਪਣੇ ਹਿਰਦਿਆਂ ਨੂੰ ਕਿਵੇਂ ਸੁਰੱਖਿਅਤ ਰੱਖਣ,
> ਅਤੇ ਪਾਪ ਤੋਂ ਆਪਣੇ ਜੀਵਨ ਨੂੰ ਕਿਵੇਂ ਬਚਾਉਣ?
> ਤੇਰਾ ਵਚਨ ਸਰਬਉੱਤਮ ਸੋਮਾ ਹੈ,
> ਜੋ ਵਿਵੇਕ ਨੂੰ ਪਵਿੱਤਰ ਰੱਖਦਾ ਹੈ।
>
> ਸੂਰਜ ਵਾਂਗ, ਇਹ ਸੁਰਗੀ ਚਾਨਣ,
> ਸਾਰਾ ਦਿਨ ਸਾਡੀ ਅਗਵਾਈ ਕਰਦਾ ਹੈ;
> ਅਤੇ ਰਾਤ ਦੇ ਖਤਰਿਆਂ ਵਿੱਚੋਂ,
> ਦੀਪਕ ਵਾਂਗ ਸਾਨੂੰ ਰਾਹ ਵਿਖਾਉਂਦਾ ਹੈ।[35] EE

### **ਪਾਪ ਦੇ ਪੁਰਖ ਦੀ ਤ੍ਰਾਸਦੀ (2:3-9)**

ਅਸੀਂ ਇਸ ਬੰਦ ਦੇ ਅਰਥ ਬਾਰੇ ਬਹਿਸ ਕਰ ਸਕਦੇ ਹਾਂ, ਅਸੀਂ ਪਾਪ ਦੇ ਪੁਰਖ ਬਾਰੇ ਵਿਵਾਦ ਕਰ ਸਕਦੇ ਹਾਂ, ਪਰ ਪੌਲੁਸ ਵੱਲੋਂ ਦਰਸਾਈ ਗਈ ਭਿਆਣਕ ਤ੍ਰਾਸਦੀ ਬਾਰੇ ਨਾ ਤਾਂ ਕੋਈ ਬਹਿਸ ਹੋ ਸਕਦੀ ਹੈ ਅਤੇ ਨਾ ਹੀ ਕੋਈ ਵਿਵਾਦ।

*ਉਹ ਪਰਮੇਸ਼ਰ ਦਾ ਵਿਰੋਧ ਕਰਦਾ ਹੈ।* ਜੋ ਆਉਣ ਵਾਲਾ ਹੈ, ਉਹ ਪਰਮੇਸ਼ਰ ਦੀ ਥਾਂ ਲੈਣ ਦਾ ਜਤਨ ਕਰੇਗਾ ਅਤੇ ਪਰਮੇਸ਼ਰ ਦੇ ਵਿਰੁੱਧ ਖੁਲ੍ਹੇਆਮ ਯੁੱਧ ਦਾ ਐਲਾਨ ਕਰੇਗਾ।

*ਉਹ ਹੋਰਨਾਂ ਨੂੰ ਵੀ ਪਰਮੇਸ਼ਰ ਦੇ ਵਿਰੁੱਧ ਲੈ ਜਾਂਦਾ ਹੈ।* ਜੋ ਆਉਣ ਵਾਲਾ ਹੈ, ਉਹ ਜਿੰਨੇ ਹੋ ਸਕੇ ਉਨੇ ਵਧ ਆਪਣੇ ਪੈਰੋਕਾਰ ਬਣਾਉਣਾ ਚਾਹੁੰਦਾ ਹੈ। ਇੱਥੋਂ ਤੱਕ ਕਿ ਉਹ ਮਸੀਹ ਦੇ ਪੈਰੋਕਾਰਾਂ ਨੂੰ ਵੀ ਆਪਣੇ ਮਗਰ ਲਗਾ ਕੇ ਪਰਮੇਸ਼ਰ ਦੇ ਵਿਰੁੱਧ ਕਰ ਦੇਵੇਗਾ।

*ਉਹ ਹੋਰਨਾਂ ਨੂੰ ਭਰਮਾਉਂਦਾ ਹੈ।* ਜੋ ਆਉਣ ਵਾਲਾ ਹੈ, ਉਹ ਧੋਖੇ ਦੀ ਬੁਨਿਆਦ 'ਤੇ ਆਪਣਾ ਰਾਜ ਖੜ੍ਹਾ ਕਰੇਗਾ। ਇਹ ਪਾਪ ਦਾ ਪੁਰਖ ਲੋਕਾਂ ਨੂੰ ਕੇਵਲ ਭਰਮਾ ਕੇ ਹੀ ਪਰਮੇਸ਼ਰ ਦੇ ਵਿਰੁੱਧ ਕਰ ਸਕੇਗਾ। ਉਹ ਉਨ੍ਹਾਂ ਨੂੰ ਝੂਠ ਉੱਤੇ ਵਿਸ਼ਵਾਸ ਕਰਵਾਏਗਾ ਅਤੇ ਝੂਠ ਅੱਗੇ ਉਨ੍ਹਾਂ ਦੇ ਗੋਡੇ ਨਿਵਾਏਗਾ।

*ਉਹ ਆਪਣੇ ਆਪ ਨੂੰ ਗਲਤ ਦੇ ਪ੍ਰਤੀ ਸਮਰਪਿਤ ਕਰੇਗਾ।* ਪਾਪ ਦੇ ਪੁਰਖ ਦਾ ਮਿਸ਼ਨ ਇਹ ਹੈ ਕਿ ਲੋਕ ਝੂਠ ਨੂੰ ਸਵੀਕਾਰ ਕਰਨ, ਝੂਠ ਦੇ ਅਨੁਸਾਰ ਜੀਉਣ ਅਤੇ ਝੂਠ ਵਿੱਚ ਹੀ ਮਰ ਜਾਣ।

*ਉਹ ਆਪਣੇ ਆਪ ਨੂੰ ਦੁਸ਼ਟਤਾ ਅਤੇ ਬੁਰਿਆਈ ਦੇ ਪ੍ਰਤੀ ਸਮਰਪਿਤ ਕਰੇਗਾ।* ਜੋ ਆਉਣ ਵਾਲਾ ਹੈ, ਉਹ ਦੁਸ਼ਟਤਾ ਦੇ ਪ੍ਰਤੀ ਸਮਰਪਿਤ ਹੈ, ਦੁਸ਼ਟਤਾ ਦੇ ਸੁਭਾਉ ਤੋਂ ਪੂਰੀ ਤਰ੍ਹਾਂ ਜਾਣੂ

ਹੈ। ਬੁਰਿਆਈ ਝੂਠ ਦੇ ਜ਼ਰੀਏ ਸਫਲ ਹੋਵੇਗੀ।

*ਉਹ ਹੋਰਨਾਂ ਨੂੰ ਨਾਸ ਵੱਲ ਲੈ ਜਾਂਦਾ ਹੈ।* ਜੋ ਆਉਣ ਵਾਲਾ ਹੈ, ਉਹ ਪਹਿਲਾਂ ਹੀ ਨਾਸ ਦੇ ਲਈ ਇਵੇਂ ਨਿਰਧਾਰਿਤ ਕਰ ਦਿੱਤਾ ਗਿਆ ਹੈ ਕਿ ਉਸ ਨੂੰ ਵਿਨਾਸ ਦਾ ਪੁੱਤਰ ਆਖਿਆ ਗਿਆ ਹੈ। ਪੌਲੁਸ ਨੇ ਪਾਪ ਦੇ ਪੁਰਖ ਦੇ ਅਰੰਭ ਤੋਂ ਲੈ ਕੇ ਅੰਤ ਨੂੰ ਪੇਸ਼ ਕੀਤਾ। ਅਸੀਂ ਅਕਸਰ ਆਖਦੇ ਹਾਂ ਕਿ “ਕੋਈ ਵੀ ਨਰਕ ਜਾਣ ਦੇ ਉਦੇਸ਼ ਨਾਲ ਆਪਣੀ ਯਾਤਰਾ ਦਾ ਅਰੰਭ ਨਹੀਂ ਕਰਦਾ,” ਪਰ ਇਹ ਪਾਪ ਦਾ ਪੁਰਖ ਠੀਕ ਅਜਿਹਾ ਹੀ ਕਰਦਾ ਹੈ।

ਅਜਿਹੀ ਲਹਿਰ ਜਾਂ ਸ਼ਖਸੀਅਤ ਦੀ ਕਲਪਨਾ ਕਰਨਾ ਵੀ ਔਖਾ ਹੈ। ਪੌਲੁਸ ਨੇ ਦਰਅਸਲ ਇੱਕ ਅਜਿਹੇ ਵਿਸ਼ਵਾਸ-ਤਿਆਗ ਨੂੰ ਵੇਖਿਆ, ਜਿਸ ਦਾ ਅੰਤ ਬੁਰਿਆਈ ਅਤੇ ਵਿਨਾਸ ਵਿੱਚ ਹੁੰਦਾ ਹੈ। EC

**ਪਾਪ ਦੇ ਪੁਰਖ ਦਾ ਵਿਨਾਸ (2:3-9)**

ਹਾਲਾਂਕਿ ਇਸ ਪਾਪ ਦੇ ਪੁਰਖ ਬਾਰੇ ਕਈ ਪ੍ਰਸ਼ਨ ਉੱਠਦੇ ਹਨ, ਪਰ ਇਹ ਤੱਥ ਬਿਲਕੁਲ ਸਪੱਸ਼ਟ ਹਨ: ਉਸ ਨੇ ਪੌਲੁਸ ਦੇ ਸਮੇਂ ਤੋਂ ਬਾਅਦ ਹੀ ਹੋਂਦ ਵਿੱਚ ਆਉਣਾ ਸੀ ਅਤੇ ਉਹ ਆਪਣੇ ਭਰਮਾਉਣ ਦੇ ਕੰਮ ਨੂੰ ਜਾਰੀ ਰੱਖਦਿਆਂ ਅੰਤ ਤੱਕ ਸੰਸਾਰ ਵਿੱਚ ਰਹੇਗਾ।

*ਯਿਸੂ ਦੇ ਆਉਣ ਵੇਲੇ।* ਮਸੀਹ ਦੀ ਵਾਪਸੀ ਵੇਲੇ ਮਸੀਹ ਇਸ ਪਾਪ ਦੇ ਪੁਰਖ ਦਾ ਨਾਸ ਕਰੇਗਾ। ਮਸੀਹ ਆਪਣੀ ਸ਼ਕਤੀ, ਸਮਰੱਥਾ ਅਤੇ ਆਪਣੇ ਮੂੰਹ ਦੇ ਸਾਹ ਨਾਲ ਉਸ ਉੱਤੇ ਹਮਲਾ ਕਰੇਗਾ। ਪਾਪ ਦਾ ਪੁਰਖ ਮਸੀਹ ਦਾ ਸਭ ਤੋਂ ਵੱਡਾ ਵੈਰੀ ਹੈ। ਉਹ ਸ਼ਤਾਨ ਨਹੀਂ ਹੈ, ਪਰ ਉਹ ਸ਼ਤਾਨ ਦੇ ਚਲਾਏ ਚੱਲਦਾ ਅਤੇ ਉਸ ਤੋਂ ਪ੍ਰੇਰਿਤ ਰਹਿੰਦਾ ਹੈ। ਪਾਪ ਦਾ ਪੁਰਖ ਕਾਰ ਹੈ ਅਤੇ ਸ਼ਤਾਨ ਪਟਰੋਲ ਹੈ। ਪਾਪ ਦਾ ਪੁਰਖ ਕੁਹਾੜਾ ਹੈ ਅਤੇ ਸ਼ਤਾਨ ਉਸ ਕੁਹਾੜੇ ਦਾ ਹੱਥਾ ਹੈ, ਜੋ ਉਸ ਨੂੰ ਘੁਮਾਉਂਦਾ ਹੈ।

*ਆਪਣੇ ਮੂੰਹ ਦੇ ਸਾਹ ਨਾਲ।* ਯਿਸੂ ਉਸ ਨੂੰ ਆਪਣੇ ਮੂੰਹ ਦੇ ਸਾਹ ਨਾਲ ਅਤੇ ਆਪਣੀ ਆਮਦ ਦੇ ਚਾਨਣ ਨਾਲ ਨਾਸ ਕਰ ਸੁੱਟੇਗਾ। ਇਹ ਤੱਥ ਦਰਸਾਉਂਦਾ ਹੈ ਕਿ ਯਿਸੂ ਉਸ ਨੂੰ ਕਿੰਨੀ ਅਸਾਨੀ ਨਾਲ ਮਾਰ ਸੁੱਟੇਗਾ। ਪ੍ਰਭੂ ਦੇ ਮੂੰਹ ਦੇ ਇੱਕੋ ਸਾਹ ਨਾਲ ਪਾਪ ਦਾ ਪੁਰਖ ਤਬਾਹ ਹੋ ਜਾਵੇਗਾ। ਯਿਸੂ ਦੇ ਮੂੰਹੋਂ ਨਿਕਲਿਆ ਕੇਵਲ ਇੱਕ ਸ਼ਬਦ ਉਸ ਦੇ ਵਜੂਦ ਨੂੰ ਮਿਟਾ ਦੇਵੇਗਾ।

*ਸੰਪੂਰਨ ਵਿਨਾਸ।* ਪਾਪ ਦਾ ਪੁਰਖ ਪੂਰੀ ਤਰ੍ਹਾਂ ਮਿਟਾ ਦਿੱਤਾ ਜਾਵੇਗਾ। ਅਸੀਂ ਇਸ ਗੱਲ ਲਈ ਸੁਨਿਸ਼ਿਚਿਤ ਹੋ ਸਕਦੇ ਹਾਂ ਕਿ ਪ੍ਰਭੂ ਆਪਣੇ ਹਰ ਤਰ੍ਹਾਂ ਦੇ ਵਿਰੋਧ ਨਾਲ ਨਜਿੱਠੇਗਾ। ਉਹ ਇਸ ਪੁਰਖ ਨੂੰ ਅੰਤ ਤੱਕ ਸੰਸਾਰ ਵਿੱਚ ਰਹਿਣ ਦੇਵੇਗਾ, ਪਰ ਯਿਸੂ ਦੀ ਦੀ ਵਾਪਸੀ ’ਤੇ ਉਸ ਦਾ ਪਹਿਲਾ ਕੰਮ ਇਸ ਪਾਪ ਦੇ ਪੁਰਖ ਦਾ ਸਫਾਇਆ ਹੋਵੇਗਾ। ਉਸ ਨੂੰ ਸ਼ਤਾਨ ਅਤੇ ਉਸ ਦੇ ਸਾਥੀਆਂ ਦੇ ਨਾਲ ਅੱਗ ਦੀ ਝੀਲ ਵਿੱਚ ਸੁੱਟਿਆ ਜਾਵੇਗਾ। ਜੋ ਕੋਈ ਵਿਅਕਤੀ ਪਾਪ ਦੇ ਪੁਰਖ ਦੇ ਮਗਰ ਤੁਰੇਗਾ, ਉਸ ਦਾ ਅੰਤ ਵੀ ਵਿਨਾਸ ਹੀ ਹੋਵੇਗਾ। EC

**ਪਾਪ ਦਾ ਪੁਰਖ ਕਦੋਂ ਆਵੇਗਾ? (2:3-9)**

ਜਦ ਅਸੀਂ 2:3–9 ਪੜ੍ਹਦੇ ਹਾਂ ਅਤੇ ਇਸ ਤ੍ਰਾਸਦੀ ਬਾਰੇ ਸੋਚ ਕੇ ਕੰਬਦੇ ਹਾਂ, ਅਸੀਂ ਸ਼ਾਇਦ ਹੈਰਾਨ ਹੋਈਏ ਕਿ ਕੀ ਇਸ ਵੇਲੇ ਪਾਪ ਦਾ ਪੁਰਖ ਸੰਸਾਰ ਵਿੱਚ ਹੈ। ਇਸ ਪ੍ਰਸ਼ਨ ਬਾਰੇ ਪੌਲੁਸ ਚਾਰ ਤੱਥ ਦਿੰਦਾ ਹੈ।

*ਪੌਲੁਸ ਦੁਆਰਾ ਲਿਖੇ ਜਾਣ ਵੇਲੇ ਪਾਪ ਦੇ ਪੁਰਖ ਨੂੰ ਡੱਕਿਆ ਜਾ ਰਿਹਾ ਸੀ।* ਕੋਈ

ਤਾਕਤ—ਸ਼ਾਇਦ ਇੱਕ ਚਮਤਕਾਰੀ ਯੁੱਗ ਜਾਂ ਰੋਮੀ ਸਾਮਰਾਜ—ਉਸ ਨੂੰ ਡੱਕ ਰਿਹਾ ਸੀ ਅਤੇ ਉਸ ਨੂੰ ਸਮੇਂ ਦੇ ਮੰਚ ’ਤੇ ਪੂਰੇ ਬਲ ਨਾਲ ਪਰਗਟ ਹੋਣ ਤੋਂ ਰੋਕ ਰਿਹਾ ਸੀ। ਪਰ ਪੌਲੁਸ ਨੇ ਆਖਿਆ ਕਿ ਭਵਿੱਖ ਵਿੱਚ ਕਿਸੇ ਵੇਲੇ ਇਸ ਡੱਕਣ ਵਾਲੇ ਨੂੰ ਹਟਾ ਦਿੱਤਾ ਜਾਵੇਗਾ ਅਤੇ ਪਾਪ ਦਾ ਪੁਰਖ “ਆਪਣੇ ਸਮੇਂ ਸਿਰ” ਪਰਗਟ ਹੋਵੇਗਾ।

*ਪੌਲੁਸ ਦੇ ਦਿਨਾਂ ਵਿੱਚ ਕੁਧਰਮ ਦਾ ਭੇਤ ਕੰਮ ਕਰ ਰਿਹਾ ਸੀ।* ਵਿਸ਼ਵਾਸ-ਤਿਆਗ ਦਾ ਇੱਕ ਵੱਡਾ ਅਰੰਭ ਪੌਲੁਸ ਨੂੰ ਉਸ ਵੇਲੇ ਵੀ ਵਿਖਾਈ ਦੇ ਰਿਹਾ ਸੀ, ਜਦ ਉਹ ਥੱਸਲੁਨੀਕੀਆਂ ਨੂੰ ਲਿਖ ਰਿਹਾ ਸੀ।

*ਇਸ ਪਾਪ ਦੇ ਪੁਰਖ ਨੇ ਪੌਲੁਸ ਦੇ ਜੀਵਨਕਾਲ ਤੋਂ ਬਾਅਦ ਭਵਿੱਖ ਵਿੱਚ ਕਿਸੇ ਵੇਲੇ ਪਰਗਟ ਹੋਣਾ ਸੀ।* ਆਪਣੇ ਸਮੇਂ ਸਿਰ, ਜਦ ਡੱਕਣ ਵਾਲਾ ਰਾਹ ਵਿੱਚੋਂ ਹਟਾ ਦਿੱਤਾ ਜਾਵੇਗਾ, ਪਾਪ ਦਾ ਪੁਰਖ ਪਰਗਟ ਹੋ ਜਾਵੇਗਾ। ਕੁਧਰਮ ਦੇ ਭੇਤ ਨੇ ਪੌਲੁਸ ਦੇ ਦਿਨਾਂ ਵਿੱਚ ਹੀ ਕੰਮ ਕਰਨਾ ਅਰੰਭ ਕਰ ਦਿੱਤਾ ਸੀ।

*ਜਦ ਪਾਪ ਦਾ ਪੁਰਖ ਪਰਗਟ ਹੋਵੇਗਾ, ਉਹ ਅੰਤ ਤੱਕ ਰਹੇਗਾ।* ਪਾਪ ਦਾ ਪੁਰਖ ਇਸ ਸੰਸਾਰ ਵਿੱਚ ਰਹੇਗਾ ਅਤੇ ਸਮੇਂ ਦੇ ਅੰਤ ਵੇਲੇ ਯਿਸੂ ਦੇ ਆਉਣ ’ਤੇ ਉਸ ਦਾ ਨਾਸ ਹੋਵੇਗਾ। ਘੱਟੋ-ਘੱਟ ਅਸੀਂ ਦ੍ਰਿੜ੍ਹਤਾ ਨਾਲ ਇਹ ਤਾਂ ਆਖ ਹੀ ਸਕਦੇ ਹਾਂ ਕਿ ਪਾਪ ਦਾ ਪੁਰਖ ਪੌਲੁਸ ਦੇ ਸਮੇਂ ਤੋਂ ਬਾਅਦ ਪਰਗਟ ਹੋਵੇਗਾ। ਇਸ ਕਰਕੇ ਅਸੀਂ ਦ੍ਰਿੜ੍ਹਤਾ ਨਾਲ ਇਹ ਵੀ ਆਖ ਸਕਦੇ ਹਾਂ ਕਿ ਉਹ ਇਸ ਵੇਲੇ ਸੰਸਾਰ ਵਿੱਚ ਹੈ। ਉਹ ਕਿੱਥੇ ਹੈ? ਅਸੀਂ ਦ੍ਰਿੜ੍ਹਤਾ ਨਾਲ ਇਹ ਵੀ ਆਖ ਸਕਦੇ ਹਾਂ ਕਿ ਪਾਪ ਦਾ ਪੁਰਖ ਲੋਕਾਂ ਨੂੰ ਪਰਮੇਸ਼ਰ ਦੀ ਸੱਚਾਈ ਤੋਂ ਬੇਮੁੱਖ ਕਰਨ ਉੱਤੇ ਕੇਂਦਰਿਤ ਹੈ। ਇਹ ਕਿੱਥੇ ਹੋ ਰਿਹਾ ਹੈ? ਕੀ ਇਹ ਵਿਸ਼ਾਲ ਡਿਨੋਮਿਨੇਸ਼ਨਾਂ ਦੇ ਢਾਂਚੇ ਵਿੱਚ ਨਹੀਂ ਹੋ ਰਿਹਾ ਹੈ, ਜਿਸ ਵਿੱਚ ਪੋਪ ਦੀ ਕੈਥੋਲਿਕ ਸਰਕਾਰ ਅਤੇ ਸੱਚਾਈ ਤੋਂ ਭਟਕੇ ਹੋਏ ਹੋਰ ਸਮੂਹ ਸ਼ਾਮਲ ਹਨ?

ਅੱਜ ਸਭ ਤੋਂ ਵੱਡਾ ਯੁੱਧ ਇਸੇ ਪਾਪ ਦੇ ਪੁਰਖ ਦੇ ਵਿਰੁੱਧ ਚੱਲ ਰਿਹਾ ਹੈ। ਜੋ ਕੋਈ ਉਸ ਦੇ ਨਾਲ ਰਲ਼ਦਾ ਜਾ ਰਿਹਾ ਹੈ ਉਸ ਦਾ ਭਵਿੱਖ ਵੀ ਖਤਰੇ ਵਿੱਚ ਪੈਂਦਾ ਜਾ ਰਿਹਾ ਹੈ। EC

### ਪਾਪ ਦੇ ਪੁਰਖ ਤੋਂ ਸਾਡਾ ਛੁਟਕਾਰਾ (2:10-12)

ਪਾਪ ਦੇ ਪੁਰਖ ਦੇ ਪ੍ਰਗਟਾਵੇ ਦੇ ਇਸ ਭਿਆਣਕ ਵੇਰਵੇ ਨੂੰ ਪੜ੍ਹ ਕੇ ਅਤੇ ਇਹ ਸਿਆਣ ਕੇ ਕਿ ਉਹ ਹੁਣ ਇਸ ਸੰਸਾਰ ਵਿੱਚ ਹੈ, ਅਸੀਂ ਸ਼ਾਇਦ ਇਹ ਸਵਾਲ ਪੁੱਛੀਏ, “ਮੈਂ ਉਸ ਤੋਂ ਕਿਵੇਂ ਬਚ ਸਕਦਾ ਹਾਂ? ਮੈਂ ਇਹ ਕਿਵੇਂ ਨਿਸ਼ਚਿਤ ਕਰ ਸਕਦਾ ਹਾਂ ਕਿ ਉਹ ਮੈਨੂੰ ਫੜ ਨਾ ਲਵੇ?” ਪੌਲੁਸ ਨੇ ਉਸ ਤੋਂ ਛੁਟਕਾਰੇ ਦਾ ਰਾਹ ਵੀ ਵਿਖਾਇਆ ਹੈ।

*ਸੱਚਾਈ ਦੇ ਲਈ ਸੱਚਾ ਪ੍ਰੇਮ।* ਪਾਪ ਦਾ ਪੁਰਖ ਉਨ੍ਹਾਂ ਨੂੰ ਭਰਮਾਵੇਗਾ ਜੋ ਸੱਚਾਈ ਨੂੰ ਪ੍ਰੇਮ ਨਹੀਂ ਕਰਦੇ (ਆਇਤ 10)। ਪਰਮੇਸ਼ਰ ਉਨ੍ਹਾਂ ਉੱਤੇ ਧੋਖੇ ਦਾ ਇੱਕ ਤਕੜਾ ਅਸਰ ਲੈ ਕੇ ਆਵੇਗਾ ਜਿਹੜੇ ਸੱਚਾਈ ਨੂੰ ਪ੍ਰੇਮ ਨਹੀਂ ਕਰਦੇ, ਤਾਂ ਜੋ ਉਹ ਝੂਠ ਉੱਤੇ ਵਿਸ਼ਵਾਸ ਕਰ ਲੈਣ (ਆਇਤ 11)। ਰੇਮੰਡ ਸੀ. ਕੇਲਸੀ ਨੇ ਲਿਖਿਆ, “ਪਾਪ ਦੀ ਪ੍ਰਗਤੀ ਵਿੱਚ ਇੱਕ ਅਜਿਹਾ ਸਮਾਂ ਆਉਂਦਾ ਹੈ, ਜਦ ਪਰਮੇਸ਼ਰ ਮਨੁੱਖ ਨੂੰ ਉਸ ਪਾਪ ਦੇ ਵੱਸ ਛੱਡ ਦਿੰਦਾ ਹੈ, ਜਿਸ ਵਿੱਚ ਉਹ ਮਨੁੱਖ ਲਿਪਤ ਹੈ।”[36]

ਪੌਲੁਸ ਨੇ ਰੋਮੀਆਂ 1:24, 26, 28 ਵਿੱਚ ਲੋਕਾਂ ਨੂੰ ਪਾਪ ਵਿੱਚ ਛੱਡ ਦਿੱਤੇ ਜਾਣ ਦੇ ਇੱਕ ਸਿਧਾਂਤ ਬਾਰੇ ਗੱਲ ਕੀਤੀ:

> ਇਸ ਕਾਰਨ ਪਰਮੇਸ਼ਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਨਾਂ ਦੇ ਬੁਰੇ ਵਿਸ਼ਿਆਂ ਵਿੱਚ ਗੰਦ ਮੰਦ ਦੇ ਵੱਸ ਕਰ ਦਿੱਤਾ ਭਈ ਉਨ੍ਹਾਂ ਦੇ ਸਰੀਰ ਆਪੋ ਵਿੱਚੀ ਬੇਪਤ ਹੋ ਜਾਣ (ਰੋਮੀਆਂ 1:24)।

> ਇਸੇ ਕਾਰਨ ਪਰਮੇਸ਼ਰ ਨੇ ਉਨ੍ਹਾਂ ਨੂੰ ਨੀਚ ਵਾਸਨਾਂ ਦੇ ਵੱਸ ਕਰ ਦਿੱਤਾ ਕਿਉਂ ਜੋ ਉਨ੍ਹਾਂ ਦੀਆਂ ਨਾਰਾਂ ਨੇ ਆਪਣੇ ਸੁਭਾਵਕ ਕੰਮ ਨੂੰ ਉਹ ਦੇ ਨਾਲ ਵਟਾ ਦਿੱਤਾ ਜਿਹੜਾ ਸੁਭਾਉ ਦੇ ਵਿਰੁੱਧ ਹੈ (ਰੋਮੀਆਂ 1:26)।

> ਜਿਵੇਂ ਪਰਮੇਸ਼ਰ ਨੂੰ ਆਪਣੀ ਪਛਾਣ ਵਿੱਚ ਰੱਖਣਾ ਉਨ੍ਹਾਂ ਨੂੰ ਚੰਗਾ ਨਾ ਲੱਗਾ ਓਵੇਂ ਪਰਮੇਸ਼ਰ ਨੇ ਉਨ੍ਹਾਂ ਨੂੰ ਮੰਦੀ ਬੁੱਧ ਦੇ ਵੱਸ ਕਰ ਦਿੱਤਾ ਭਈ ਨਖਿੱਧ ਕੰਮ ਕਰਨ (ਰੋਮੀਆਂ 1:28)।

ਆਖਿਰਕਾਰ ਪਰਮੇਸ਼ਰ ਮਨੁੱਖ ਨੂੰ ਉਸ ਝੂਠ ਦੇ ਵੱਸ ਕਰ ਛੱਡਦਾ ਹੈ, ਜਿਸ ਨੂੰ ਉਹ ਮਨੁੱਖ ਪਸੰਦ ਕਰਦਾ ਹੈ ਅਤੇ ਚਾਹੁੰਦਾ ਹੈ। ਜਿਹੜੇ ਲੋਕ ਸੱਚਾਈ ਨੂੰ ਪ੍ਰੇਮ ਨਹੀਂ ਕਰਦੇ ਅਤੇ ਕੁਧਰਮ ਵਿੱਚ ਅਨੰਦ ਮਾਣਦੇ ਹਨ, ਉਹ ਲੋਕ ਪਾਪ ਦੇ ਪੁਰਖ ਦੇ ਛਲਾਵੇ ਵਿੱਚ ਆ ਜਾਣਗੇ। ਉਹ ਉਨ੍ਹਾਂ ਨੂੰ ਨਿਯੰਤ੍ਰਿਤ ਕਰੇਗਾ ਅਤੇ ਵਿਨਾਸ ਵੱਲ ਲੈ ਜਾਵੇਗਾ।

*ਸੱਚਾਈ ਦੇ ਪ੍ਰਤੀ ਸੱਚੀ ਆਗਿਆਕਾਰੀ।* ਇਹ ਨਿਸ਼ਚਿਤ ਹੀ ਹੈ ਕਿ ਸੱਚਾਈ ਨੂੰ ਪ੍ਰੇਮ ਕਰਨ ਵਿੱਚ ਉਸ ਦੀ ਸੱਚੀ ਅਤੇ ਸੁੱਚੀ ਆਗਿਆਕਾਰੀ ਵੀ ਸ਼ਾਮਲ ਹੈ। ਪੌਲੁਸ ਨੇ ਸੱਚਾਈ ਨੂੰ ਪ੍ਰੇਮ ਕਰਨ ਬਾਰੇ ਜੋ ਆਖਿਆ ਹੈ, ਉਸ ਵਿੱਚ ਇਹ ਤੱਥ ਵੀ ਸ਼ਾਮਲ ਹੈ। ਕੇਵਲ ਸੱਚਾਈ ਦੀ ਆਗਿਆਕਾਰੀ ਕਰਕੇ ਅਤੇ ਸੱਚਾਈ ਵਿੱਚ ਦ੍ਰਿੜ੍ਹ ਰਹਿ ਕੇ ਹੀ ਅਸੀਂ ਪਾਪ ਦੇ ਪੁਰਖ ਤੋਂ ਸੁਰੱਖਿਅਤ ਰਹਿ ਸਕਦੇ ਹਾਂ।

ਸ਼ਾਇਦ ਅਸੀਂ ਪਾਪ ਦੇ ਪੁਰਖ ਬਾਰੇ ਸਾਰੀ ਜਾਣਕਾਰੀ ਹਾਸਲ ਨਾ ਕਰ ਸਕੀਏ, ਪਰ ਅਸੀਂ ਇਸ ਗੱਲ ਬਾਰੇ ਸੁਨਿਸ਼ਿਚਿਤ ਹੋ ਸਕਦੇ ਹਾਂ ਕਿ ਜਦ ਤੱਕ ਅਸੀਂ ਸੱਚਾਈ ਨੂੰ ਪ੍ਰੇਮ ਕਰਦੇ ਰਹੀਏ ਅਤੇ ਇਸ ਦੀ ਆਗਿਆਕਾਰੀ ਕਰਦੇ ਰਹੀਏ, ਤਦ ਤੱਕ ਅਸੀਂ ਉਸ ਦੇ ਭੁਲਾਵੇ ਵਿੱਚ ਨਹੀਂ ਆਵਾਂਗੇ। ਸਾਡੇ ਕਿਰਪਾਵਾਨ ਪਰਮੇਸ਼ਰ ਨੇ ਸਾਨੂੰ ਆਪਣੀ ਸਦੀਪਕ ਸੱਚਾਈ ਪ੍ਰਦਾਨ ਕਰਕੇ ਸਾਡੇ ਉੱਤੇ ਕਿਰਪਾ ਕੀਤੀ ਹੈ, ਤਾਂ ਜੋ ਅਸੀਂ ਇਸ ਸੱਚਾਈ ਨੂੰ ਪ੍ਰੇਮ ਕਰੀਏ, ਇਸ ਨੂੰ ਸੰਭਾਲੀਏ ਅਤੇ ਇਸ ਦੇ ਅਨੁਸਾਰ ਜੀਵਨ ਬਤੀਤ ਕਰੀਏ ਅਤੇ ਇਸ ਤਰ੍ਹਾਂ ਗਲਤੀ ਕਰਨ ਤੋਂ ਬਚੇ ਰਹੀਏ। EC

## ਸੱਚਾਈ ਨੂੰ ਪ੍ਰੇਮ ਨਾ ਕਰਨ ਦੀ ਤ੍ਰਾਸਦੀ (2:10-12)

ਪੌਲੁਸ ਨੇ ਉਸ ਵਿਅਕਤੀ ਦੀ ਤ੍ਰਾਸਦੀ ਬਾਰੇ ਆਖਿਆ, ਜੋ ਪਰਮੇਸ਼ਰ ਦੀ ਸੱਚਾਈ ਨੂੰ ਪ੍ਰੇਮ ਨਹੀਂ ਕਰਦਾ। ਇਹ ਅਸਫਲਤਾ ਕਿਸੇ ਵੀ ਵਿਅਕਤੀ ਲਈ ਸਭ ਤੋਂ ਮਾੜੀ ਗੱਲ ਹੈ।

*ਜੋ ਵਿਅਕਤੀ ਸੱਚਾਈ ਨੂੰ ਪ੍ਰੇਮ ਨਹੀਂ ਕਰਦਾ ਉਹ ਭਰਮਾਇਆ ਜਾਵੇਗਾ।* ਜੋ ਲੋਕ ਸੱਚਾਈ ਨੂੰ ਪ੍ਰੇਮ ਨਹੀਂ ਕਰਦੇ ਹਨ, ਉਹ ਪਾਪ ਦੇ ਪੁਰਖ ਦੇ ਸ਼ਿਕਾਰ ਹੋ ਜਾਣਗੇ। ਵਿਸ਼ਵਾਸ-ਤਿਆਗ ਦਾ ਵਿਸ਼ਾਲ ਸਿਸਟਮ ਉਸ ਨੂੰ ਨਿਗਲ ਜਾਵੇਗਾ ਅਤੇ ਉਸ ਨੂੰ ਵਿਨਾਸ ਵਿੱਚ ਲੈ ਜਾਵੇਗਾ। ਕਿਸੇ ਵੀ ਵਿਅਕਤੀ ਦੇ ਨਾਲ ਸਭ ਤੋਂ ਮਾੜੀ ਗੱਲ ਇਹ ਹੋ ਸਕਦੀ ਹੈ ਕਿ ਉਹ ਪਰਮੇਸ਼ਰ ਦੀ ਸੱਚਾਈ ਬਾਰੇ ਭਰਮਾਇਆ ਜਾਵੇ।

*ਜੋ ਵਿਅਕਤੀ ਸੱਚਾਈ ਨੂੰ ਪ੍ਰੇਮ ਨਹੀਂ ਕਰਦਾ ਉਹ ਝੂਠ ਨੂੰ ਸੱਚ ਮੰਨ ਲਵੇਗਾ।* ਉਹ ਕੇਵਲ ਭਰਮਾਇਆ ਹੀ ਨਹੀਂ ਜਾਵੇਗਾ, ਸਗੋਂ ਉਹ ਝੂਠ ਨੂੰ ਸੱਚ ਮੰਨ ਕੇ ਉਸ ਉੱਤੇ ਵਿਸ਼ਵਾਸ ਕਰ

ਲਵੇਗਾ। ਦੁਸ਼ਟਤਾ ਦਾ ਸੁਭਾਵਕ ਪ੍ਰਭਾਵ ਉਸ ਉੱਤੇ ਹਾਵੀ ਹੋ ਜਾਵੇਗਾ। ਪੌਲੁਸ ਨੇ ਇਸ ਨੂੰ ਪਰਮੇਸ਼ਰ ਵੱਲੋਂ ਘੱਲਿਆ ਜਾਣ ਵਾਲਾ "ਧੋਖੇ ਦਾ ਅਸਰ" ਆਖਿਆ। ਇਹ ਇਵੇਂ ਹੈਂ ਜਿਵੇਂ ਕਿ ਪਰਮੇਸ਼ਰ ਨੇ ਉਸ ਨੂੰ ਉਸ ਝੂਠ ਦੇ ਵੱਸ ਕਰ ਦਿੱਤਾ ਹੈ, ਜਿਸ ਨੂੰ ਉਹ ਹੁਣ ਤੱਕ ਪਸੰਦ ਕਰਦਾ ਆ ਰਿਹਾ ਸੀ। ਉਹ ਝੂਠ ਵਿੱਚ ਚੱਲਦਿਆਂ ਇਹ ਮੰਨਦਾ ਰਹੇਗਾ ਕਿ ਉਹ ਸੱਚਾਈ ਵਿੱਚ ਚੱਲਦਾ ਆ ਰਿਹਾ ਹੈ।

*ਜੋ ਵਿਅਕਤੀ ਸੱਚਾਈ ਨੂੰ ਪ੍ਰੇਮ ਨਹੀਂ ਕਰਦਾ ਉਹ ਕੁਧਰਮ ਵਿੱਚ ਅਨੰਦ ਮਾਣੇਗਾ।* ਇਹ ਵਿਅਕਤੀ ਝੂਠ ਨੂੰ ਸੱਚ ਮੰਨ ਕੇ ਉਸ ਵਿੱਚ ਅਨੰਦ ਮਾਣੇਗਾ। ਉਸ ਨੂੰ ਇਸ ਵਿੱਚ ਚੱਲਦਿਆਂ ਅਤੇ ਇਸ ਦੇ ਲਈ ਕੁਰਬਾਨੀ ਤੱਕ ਕਰਦਿਆਂ ਮਜਾ ਆਵੇਗਾ।

*ਉਸ ਦਾ ਨਿਆਂ ਸੱਚਾਈ ਦੇ ਨਾਲ ਹੀ ਕੀਤਾ ਜਾਵੇਗਾ।* ਪਰਮੇਸ਼ਰ ਹਰੇਕ ਵਿਅਕਤੀ ਦਾ ਨਿਆਂ ਸੱਚਾਈ ਦੁਆਰਾ ਹੀ ਕਰੇਗਾ। ਜਦ ਲੋਕਾਂ ਕੋਲ ਸੱਚਾਈ ਨੂੰ ਸਵੀਕਾਰ ਕਰਨ ਦਾ ਅਵਸਰ ਹੁੰਦਾ ਹੈ, ਪਰ ਉਹ ਇਸ ਨੂੰ ਰੱਦ ਦਿੰਦੇ ਹਨ, ਤਾਂ ਜਿਸ ਨੂੰ ਉਹ ਰੱਦਦੇ ਹਨ, ਉਹੀ ਉਨ੍ਹਾਂ ਦਾ ਨਿਆਂ ਕਰੇਗਾ।

ਪਰਮੇਸ਼ਰ ਦੀ ਸੱਚਾਈ ਨੂੰ ਰੱਦਣ ਨਾਲੋਂ ਵਧ ਕੇ ਆਸਹੀਣਤਾ ਵਾਲਾ ਕੰਮ ਹੋਰ ਕੋਈ ਨਹੀਂ ਹੈ। ਜਦ ਉਹ ਅਜਿਹਾ ਕਰਦਾ ਹੈ, ਤਾਂ ਉਹ ਆਪਣੇ ਆਪ ਨੂੰ ਪਾਪ ਦੇ ਪੁਰਖ ਦੇ ਲਈ, ਝੂਠ ਦੀ ਤਾਕਤ ਦੇ ਲਈ ਅਤੇ ਪਰਮੇਸ਼ਰ ਦੇ ਨਿਆਂ ਦੇ ਲਈ ਖੁਲ੍ਹਾ ਛੱਡ ਦਿੰਦਾ ਹੈ। ਉਸ ਦੇ ਕੋਲ ਕੇਵਲ ਇੱਕੋ ਆਸ ਇਹ ਹੈ ਕਿ ਉਹ ਸੱਚਾਈ ਕੋਲ ਮੁੜ ਆਵੇ। EC

**ਪਰਮੇਸ਼ਰ ਦੇ ਚੁਣੇ ਹੋਏ (2:13, 14)**

ਪੌਲੁਸ ਥੱਸਲੁਨੀਕੀਆਂ ਦੇ ਲਈ ਧੰਨਵਾਦ ਕਰਨ ਲਈ ਮਜਬੂਰ ਹੋ ਗਿਆ। ਇਸ ਸ਼ੁਕਰਗੁਜ਼ਾਰੀ ਦੇ ਲਈ ਮੁੱਖ ਕਾਰਨ ਇਹ ਹੈ ਕਿ ਉਹ ਪਰਮੇਸ਼ਰ ਦੇ ਚੁਣੇ ਹੋਏ ਸਨ। ਇਹ ਚੋਣ ਦੁਹਰੀ ਸੀ—ਪਰਮੇਸ਼ਰ ਨੇ ਉਨ੍ਹਾਂ ਨੂੰ ਇੰਜੀਲ ਦੇ ਸੱਦੇ ਰਾਹੀਂ ਚੁਣਿਆ ਸੀ ਅਤੇ ਉਨ੍ਹਾਂ ਨੇ ਪਰਮੇਸ਼ਰ ਦੇ ਸੱਦੇ ਨੂੰ ਕਬੂਲ ਕਰਕੇ ਚੁਣਿਆਂ ਹੋਇਆਂ ਵਿੱਚ ਗਿਣੇ ਜਾਣ ਦੀ ਚੋਣ ਕੀਤੀ ਸੀ।

*ਮੁਕਤੀ ਲਈ ਚੁਣੇ ਗਏ।* ਹਰੇਕ ਮਸੀਹੀ ਜਦ ਇੰਜੀਲ ਦੀ ਆਗਿਆਕਾਰੀ ਕਰਦਾ ਹੈ, ਤਾਂ ਉਹ ਮੁਕਤੀ ਵਿੱਚ ਬੁਲਾਇਆ ਜਾਂਦਾ ਹੈ (ਆਇਤ 14)। ਥੱਸਲੁਨੀਕੀਆਂ ਨੇ ਇੰਜੀਲ ਦੀ ਆਗਿਆਕਾਰੀ ਕੀਤੀ ਸੀ ਅਤੇ ਮੁਕਤੀ ਵਿੱਚ ਆ ਗਏ ਸਨ। ਉਹ ਪਾਪ ਤੋਂ ਬਚਾਏ ਗਏ ਸਨ, ਇਸੇ ਕਰਕੇ ਪੌਲੁਸ ਅਨੰਦ ਕਰਦਾ ਹੋਇਆ ਉਨ੍ਹਾਂ ਦੇ ਲਈ ਧੰਨਵਾਦ ਕਰ ਰਿਹਾ ਸੀ।

*ਪਵਿੱਤਰ ਹੋਣ ਲਈ ਚੁਣੇ ਗਏ।* ਜਦ ਉਹ ਮਸੀਹੀ ਬਣੇ ਸਨ, ਉਹ ਪਵਿੱਤਰ ਕੀਤੇ ਗਏ ਸਨ ਅਤੇ ਉਹ ਲਗਾਤਾਰ ਇਸ ਵਿੱਚ ਵਧਦੇ ਆ ਰਹੇ ਸਨ। ਕਿਸੇ ਵੀ ਪ੍ਰਚਾਰਕ ਨੂੰ ਇਸ ਗੱਲ ਤੋਂ ਵਧ ਖੁਸ਼ੀ ਹੋਰ ਕਿਸੇ ਗੱਲ ਤੋਂ ਨਹੀਂ ਮਿਲਦੀ ਕਿ ਉਨ੍ਹਾਂ ਦੇ ਦੁਆਰਾ ਪ੍ਰਭੂ ਵਿੱਚ ਆਏ ਲੋਕ ਪਰਮੇਸ਼ਰ ਦੇ ਪ੍ਰਤੀ ਵਧ ਤੋਂ ਵਧ ਸਮਰਪਿਤ ਹੁੰਦੇ ਜਾ ਰਹੇ ਹਨ।

*ਸੱਚਾਈ 'ਤੇ ਵਿਸ਼ਵਾਸ ਕਰਨ ਲਈ ਚੁਣੇ ਗਏ।* ਪੌਲੁਸ ਨੇ ਪਰਮੇਸ਼ਰ ਦੀ ਵਡਿਆਈ ਕੀਤੀ ਕਿ ਥੱਸਲੁਨੀਕੀ ਸੱਚਾਈ ਦੇ ਅਨੁਸਾਰ ਜੀਉਣ ਲਈ ਵੱਖਰੇ ਕੀਤੇ ਗਏ ਸਨ। ਪਰਮੇਸ਼ਰ ਅਜਿਹੇ ਲੋਕਾਂ ਦੀ ਭਾਲ ਕਰਦਾ ਹੈ, ਜਿਹੜੇ ਇਸ ਸੰਸਾਰ ਵਿੱਚ ਉਸ ਦੇ ਵਚਨ ਦਾ ਆਦਰ ਕਰਦੇ ਹਨ। ਉਹ ਪਰਮੇਸ਼ਰ ਦੇ ਵਚਨ ਉੱਤੇ ਵਿਸ਼ਵਾਸ ਕਰਨ ਲਈ ਚੁਣੇ ਗਏ ਸਨ।

*ਮਸੀਹ ਦੀ ਮਹਿਮਾ ਦੇ ਲਈ ਚੁਣੇ ਗਏ।* ਥੱਸਲੁਨੀਕੇ ਦੇ ਨਵੇਂ ਵਿਸ਼ਵਾਸੀ ਸੁਰਗੀ ਰਾਹ 'ਤੇ ਤੁਰ ਪਏ ਸਨ ਅਤੇ ਮਹਿਮਾ ਪ੍ਰਾਪਤ ਕਰਨ ਜਾ ਰਹੇ ਸਨ। ਇੱਕ ਦਿਨ ਉਹ ਯਿਸੂ ਮਸੀਹ

ਦੀ ਮਹਿਮਾ ਪ੍ਰਾਪਤ ਕਰਨ ਜਾ ਰਹੇ ਸਨ ਅਤੇ ਉਸ ਦੀ ਮਹਿਮਾ ਦਾ ਹਿੱਸਾ ਬਣਨ ਜਾ ਰਹੇ ਸਨ।

ਪਰਮੇਸ਼ਰ ਦੁਆਰਾ ਚੁਣੇ ਜਾਣ ਦੀ ਇਸ ਅਦਭੁਤ ਸੱਚਾਈ ਵਿੱਚ ਹੋਰ ਵੀ ਕਈ ਸੱਚਾਈਆਂ ਸ਼ਾਮਲ ਹਨ: ਮੁਕਤੀ, ਪਵਿੱਤਰਤਾਈ, ਸੱਚਾਈ ’ਤੇ ਵਿਸ਼ਵਾਸ ਅਤੇ ਮਸੀਹ ਦੀ ਮਹਿਮਾ ਵੱਲ ਵਧਣਾ। ਜਦ ਕੋਈ ਵਿਅਕਤੀ ਮਸੀਹ ਬਣਦਾ ਹੈ ਉਸ ਦੇ ਲਈ ਅਨੰਦ ਕਰੋ ਕਿਉਂਕਿ ਉਹ ਉਹੀ ਅਸੀਸਾਂ ਪ੍ਰਾਪਤ ਕਰਨ ਜਾ ਰਿਹਾ ਹੈ ਜਿਹੜੀਆਂ ਥੱਸਲੁਨੀਕੀਆਂ ਨੇ ਪ੍ਰਾਪਤ ਕੀਤੀਆਂ ਸਨ। EC

**ਹੁਣ ਕੀ? (2:15)**

ਹੁਣ ਥੱਸਲੁਨੀਕੀਆਂ ਨੂੰ ਕੀ ਕਰਨਾ ਸੀ? ਉਹ ਸਖਤ ਵਿਰੋਧ ਦਾ ਸਾਹਮਣਾ ਕਰ ਚੁੱਕੇ ਸਨ, ਵਿਸ਼ਵਾਸ ਅਤੇ ਪ੍ਰੇਮ ਵਿੱਚ ਵਧ ਰਹੇ ਸਨ ਅਤੇ ਦੂਜੀ ਆਮਦ ਦੀ ਚੰਗੀ ਸਮਝ ਪ੍ਰਾਪਤ ਕਰ ਚੁੱਕੇ ਸਨ। ਹੁਣ ਕੀ? ਜਦ ਅਸੀਂ ਆਪਣਾ ਮਸੀਹੀ ਜੀਵਨ ਚੰਗੀ ਤਰ੍ਹਾਂ ਬਤੀਤ ਕਰ ਰਹੇ ਹਾਂ, ਤਾਂ ਫਿਰ ਅੱਗੇ ਹੋਰ ਕੀ ਹੋਣਾ ਚਾਹੀਦਾ ਹੈ?

*ਨਿਹਚਾ ਵਿੱਚ ਤਕੜਾਈ ਨਾਲ ਖੜ੍ਹੇ ਹੋਵੋ* (ਆਇਤ 15)। ਉਨ੍ਹਾਂ ਨੇ ਯਿਸੂ ਅਤੇ ਪਰਮੇਸ਼ਰ ਦੀ ਸੱਚਾਈ ’ਤੇ ਵਿਸ਼ਵਾਸ ਕਰ ਲਿਆ ਸੀ ਅਤੇ ਹੁਣ ਉਨ੍ਹਾਂ ਨੂੰ ਉਸ ਵਿਸ਼ਵਾਸ ਵਿੱਚ ਤਕੜਾਈ ਨਾਲ ਖੜ੍ਹੇ ਹੋਣਾ ਸੀ। ਜੇਕਰ ਉਹ ਆਪਣੀ ਨਿਹਚਾ ਨੂੰ ਫੜੀ ਰੱਖਦੇ ਤਾਂ ਉਨ੍ਹਾਂ ਦੀ ਨਿਹਚਾ ਉਨ੍ਹਾਂ ਨੂੰ ਫੜੀ ਰੱਖਦੀ।

*ਸੱਚਾਈ ਵਿੱਚ ਤਕੜਾਈ ਨਾਲ ਖੜ੍ਹੇ ਹੋਵੋ।* ਉਨ੍ਹਾਂ ਨੂੰ ਰਸੂਲਾਂ ਦੀ ਸਿੱਖਿਆ ਵਚਨਾਂ ਰਾਹੀਂ ਅਤੇ ਪੱਤਰ ਰਾਹੀਂ ਦਿੱਤੀ ਗਈ ਸੀ (ਆਇਤ 15)। ਨਵੇਂ ਨੇਮ ਵਿੱਚ “ਰਵਾਇਤਾਂ” (παράδοσις, *ਪੈਰਾਡੋਸਿਸ*) ਸ਼ਬਦ ਦੀ ਵਰਤੋਂ ਕਦੇ-ਕਦੇ ਪ੍ਰੇਰਣਾ ਨਾਲ ਲਿਖੀਆਂ ਗਈਆਂ ਲਿਖਤਾਂ ਅਤੇ ਨਿਰਦੇਸ਼ਾਂ ਦੇ ਲਈ ਕੀਤੀ ਜਾਂਦੀ ਹੈ, ਜਦਕਿ ਹੋਰਨਾਂ ਥਾਂਵਾਂ ’ਤੇ ਇਹ ਮਨੁੱਖਾਂ ਦੀ ਰੀਤ (ਮੱਤੀ 15:2, 3) ਵੱਲ ਇਸ਼ਾਰਾ ਕਰਦਾ ਹੈ। ਇਸ ਦਾ ਅਰਥ ਹੈ, “ਅਜਿਹਾ ਕੁਝ ਜੋ ਸਪੁਰਦ ਕੀਤਾ ਗਿਆ ਹੈ।” ਇੱਥੇ ਇਸ ਦੀ ਵਰਤੋਂ ਪ੍ਰੇਰਣਾ ਨਾਲ ਲਿਖੀਆਂ ਗਈਆਂ ਲਿਖਤਾਂ ਲਈ ਕੀਤੀ ਗਈ ਹੈ। ਥੱਸਲੁਨੀਕੀਆਂ ਨੇ ਪੌਲੁਸ ਕੋਲੋਂ ਪ੍ਰੇਰਣਾ ਨਾਲ ਲਿਖੇ ਗਏ ਪੱਤਰ ਪ੍ਰਾਪਤ ਕੀਤੇ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਪੜ੍ਹਨਾ ਸੀ ਅਤੇ ਉਸ ਦੀਆਂ ਸਿੱਖਿਆਵਾਂ ’ਤੇ ਕਾਇਮ ਰਹਿਣਾ ਸੀ।

ਮਸੀਹਤ ਐਨੀ ਛਿਛਲੀ ਹੈ ਕਿ ਇੱਕ ਬਾਲਕ ਵੀ ਇਸ ਵਿੱਚ ਪੈਰ ਰੱਖ ਸਕਦਾ ਹੈ ਅਤੇ ਐਨੀ ਡੂੰਘੀ ਵੀ ਹੈ ਕਿ ਇੱਕ ਹਾਥੀ ਵੀ ਇਸ ਵਿੱਚ ਤੈਰ ਸਕਦਾ ਹੈ। ਇਸ ਆਇਤ ਵਿੱਚ ਅਸੀਂ ਮਸੀਹੀ ਜੀਵਨ ਦੀ ਸਾਦਗੀ ਨੂੰ ਵੇਖ ਸਕਦੇ ਹਾਂ। ਦੋ ਕਦਮਾਂ ਨੂੰ ਜੋੜਿਆ ਗਿਆ ਹੈ: ਨਿਹਚਾ ਅਤੇ ਸੱਚਾਈ ਵਿੱਚ ਕਾਇਮ ਰਹਿਣਾ। EC

**ਇੱਕ ਸੁੰਦਰ ਅਸੀਸ ਵਚਨ (2:16, 17)**

ਪੌਲੁਸ ਨੇ ਵਿਸ਼ਵਾਸਯੋਗ ਥੱਸਲੁਨੀਕੀਆਂ ਦੇ ਲਈ ਇੱਕ ਸੁੰਦਰ ਅਸੀਸ ਵਚਨ ਬੋਲ ਕੇ ਪਾਪ ਦੇ ਪੁਰਖ ਬਾਰੇ ਆਪਣੀ ਚਰਚਾ ਨੂੰ ਸਮਾਪਤ ਕੀਤਾ।

*“ਤੁਹਾਨੂੰ ਸਦੀਪਕਾਲ ਦੀ ਤਸੱਲੀ ਮਿਲੇ।”* ਉਹ ਉਨ੍ਹਾਂ ਨੂੰ ਅਜਿਹੀ ਤਸੱਲੀ ਦੇਣਾ ਚਾਹੁੰਦਾ ਸੀ, ਜਿਹੜੀ ਇਸ ਜੀਵਨ ਤੋਂ ਅਗਾਂਹ ਜਾਂਦੀ ਹੈ ਅਤੇ ਉਨ੍ਹਾਂ ਨੂੰ ਸਦੀਪਕਤਾ ਵਿੱਚ ਲੈ ਜਾਂਦੀ

ਹੈ। ਦੂਜਿਆਂ ਦੇ ਲਈ ਸਰੀਰਕ ਅਰਾਮ ਦੀ ਕਾਮਨਾ ਕਰਨਾ ਵੱਖਰੀ ਗੱਲ ਹੈ, ਪਰ ਇਹ ਕਾਮਨਾ ਕਰਨਾ ਕਿ ਉਨ੍ਹਾਂ ਨੂੰ ਸਦੀਪਕ ਤਸੱਲੀ ਮਿਲੇ, ਇਹ ਬਿਲਕੁਲ ਵੱਖਰੀ ਗੱਲ ਹੈ। ਅਸੀਂ ਵੀ ਆਪਣੇ ਭਾਈਆਂ ਦੇ ਲਈ ਸਦੀਪਕ ਤਸੱਲੀ ਦੀ ਕਾਮਨਾ ਕਰੀਏ।

*"ਤੁਹਾਨੂੰ ਕਿਰਪਾ ਕਰ ਕੇ ਭਲੀ ਆਸਾ ਮਿਲੇ।"* ਉਹ ਉਨ੍ਹਾਂ ਨੂੰ ਅਜਿਹੀ ਆਸਾ ਦੇਣਾ ਚਾਹੁੰਦਾ ਸੀ, ਜਿਹੜੀ ਪਰਮੇਸ਼ਰ ਦੀ ਕਿਰਪਾ ਦੀ ਬੁਨਿਆਦ ’ਤੇ ਟਿਕੀ ਹੋਵੇ। ਇਹ ਆਸਾ ਮ੍ਰਿਤ ਅਤੇ ਨਿਰਜੀਵ ਨਹੀਂ, ਸਗੋਂ ਅਸਲ ਅਤੇ ਜੀਉਂਦੀ ਹੈ। ਅਸੀਂ ਆਪਣੇ ਭਾਈਆਂ ਦੇ ਲਈ ਅਜਿਹੀ ਆਸਾ ਦੀ ਕਾਮਨਾ ਕਰੀਏ ਜਿਹੜੀ ਕਿਰਪਾ ਦੇ ਰਾਹੀਂ ਆਉਂਦੀ ਹੈ।

*"ਤੁਸੀਂ ਹਰੇਕ ਸ਼ੁਭ ਕਰਮ ਅਤੇ ਬਚਨ ਵਿੱਚ ਦ੍ਰਿੜ੍ਹ ਹੋਵੋ।"* ਉਹ ਚਾਹੁੰਦਾ ਸੀ ਕਿ ਉਹ ਚੰਗੇ ਕੰਮਾਂ ਅਤੇ ਚੰਗੀ ਬਾਣੀ ਵਿੱਚ ਦ੍ਰਿੜ੍ਹ ਹੋਣ, ਸਹੀ ਜੀਵਨ ਬਤੀਤ ਕਰਨ ਅਤੇ ਸਹੀ ਬੋਲੀ ਬੋਲਣ। ਉਸ ਨੇ ਪ੍ਰਾਰਥਨਾ ਕੀਤੀ ਕਿ ਉਨ੍ਹਾਂ ਦਿਆਂ ਕੰਮਾਂ ਅਤੇ ਸ਼ਬਦਾਂ ਉੱਤੇ ਮਸੀਹ ਦਾ ਨਿਯੰਤ੍ਰਣ ਹੋਵੇ। ਅਸੀਂ ਵੀ ਆਪਣੇ ਭਾਈਆਂ ਦੇ ਲਈ ਸਭਨਾਂ ਚੰਗੇ ਕੰਮਾਂ ਅਤੇ ਚੰਗੇ ਸ਼ਬਦਾਂ ਵਿੱਚ ਦ੍ਰਿੜ੍ਹ ਹੋਣ ਦੀ ਕਾਮਨਾ ਕਰੀਏ।

ਤੁਸੀਂ ਵੇਖ ਹੀ ਸਕਦੇ ਹੋ ਕਿ ਅਜਿਹੀ ਕਾਮਨਾ ਉੱਚ ਕੋਟੀ ਦੇ ਮਸੀਹੀ ਜੀਵਨ ਦਾ ਨਿਰਮਾਣ ਕਰੇਗੀ। ਪੌਲੁਸ ਨੇ ਮਸੀਹੀਆਂ ਦੀ ਜਾਣਕਾਰੀ ਵਿੱਚ ਸਰਬਉੱਚ ਅਤੇ ਸਰਬਉੱਤਮ ਵਾਧੇ ਦੀ ਕਾਮਨਾ ਕੀਤੀ। ਤੁਸੀਂ ਮਸੀਹ ਵਿੱਚ ਆਪਣੇ ਪਿਆਰਿਆਂ ਦੇ ਲਈ ਕੀ ਕਾਮਨਾ ਕਰਦੇ ਹੋ?

EC

### ਮਸੀਹੀ ਦਾ ਸੱਦਾ (2:13-17)

1947 ਵਿੱਚ ਮੇਰੇ ਪਿਤਾ ਮਿਜ਼ੂਰੀ ਦੇ ਨੇਵਾਡਾ ਦੇ ਨੇੜੇ ਖੇਤੀ ਕਰਦੇ ਸਨ। ਮੇਰੇ ਸਭ ਤੋਂ ਵੱਡੇ ਭਰਾ ਦੀ ਫੌਜ ਵਿੱਚ ਭਰਤੀ ਹੋ ਚੁੱਕੀ ਸੀ ਅਤੇ ਮੇਰੇ ਪਿਤਾ ਨੂੰ ਦਿਲ ਦੀ ਬਿਮਾਰੀ ਸੀ। ਇਸ ਕਰਕੇ ਕੰਮ ਦਾ ਜ਼ਿਆਦਾਤਰ ਭਾਰ ਮੇਰੇ ਉੱਨੀ ਵਰ੍ਹਿਆਂ ਦੇ ਭਰਾ ਉੱਤੇ ਅਤੇ ਮੇਰੇ ਉੱਤੇ ਆਣ ਪਿਆ। ਮੈਂ ਚੌਦਾਂ ਵਰ੍ਹਿਆਂ ਦਾ ਸਾਂ ਅਤੇ ਅਜੇ ਹਾਈ ਸਕੂਲ ਵਿੱਚ ਪੁੱਜਿਆ ਹੀ ਸਾਂ, ਪਰ ਸਕੂਲ ਤੋਂ ਬਾਅਦ ਮੈਂ ਕੰਮ ਕਰ ਸਕਦਾ ਸਾਂ। ਫਿਰ ਸਰਕਾਰ ਨੇ ਮੇਰੇ ਉੱਨੀ ਵਰ੍ਹਿਆਂ ਦੇ ਭਰਾ ਨੂੰ ਵੀ ਫੌਜ ਵਿੱਚ ਭਰਤੀ ਹੋਣ ਲਈ ਸੱਦ ਲਿਆ। ਮੈਨੂੰ ਉਹ ਸੱਦਾ ਚੰਗੀ ਤਰ੍ਹਾਂ ਚੇਤੇ ਹੈ ਕਿਉਂਕਿ ਉਸ ਦੇ ਕਾਰਨ ਮੇਰੇ ਸਕੂਲ ਦਾ ਇੱਕ ਸਾਲ ਖਰਾਬ ਹੋ ਗਿਆ ਸੀ ਅਤੇ ਖੇਤੀ ਦਾ ਜ਼ਿਆਦਾਤਰ ਕੰਮ ਮੇਰੇ ਸਿਰ ਆਣ ਪਿਆ ਸੀ।

ਸਭਨਾਂ ਮਸੀਹੀਆਂ ਨੂੰ ਸੇਵਾ ਦੇ ਲਈ ਸੱਦਾ ਦਿੱਤਾ ਗਿਆ ਹੈ। ਪੌਲੁਸ ਨੇ ਲਿਖਿਆ, "ਪਰ ਹੇ ਭਰਾਵੋ, ਪ੍ਰਭੂ ਦੇ ਪਿਆਰਿਓ, ਸਾਨੂੰ ਚਾਹੀਦਾ ਹੈ ਜੋ ਤੁਹਾਡੇ ਲਈ ਸਦਾ ਪਰਮੇਸ਼ਰ ਦਾ ਧੰਨਵਾਦ ਕਰੀਏ ਇਸ ਕਰਕੇ ਜੋ ਪਰਮੇਸ਼ਰ ਨੇ ਆਦ ਤੋਂ ਹੀ ਤੁਹਾਨੂੰ *ਚੁਣ ਲਿਆ* ਭਈ ਤੁਹਾਨੂੰ ਆਤਮਾ ਤੋਂ ਪਵਿੱਤਰ ਹੋਣ ਨਾਲ ਅਤੇ ਸੱਚ ਨੂੰ ਮੰਨਣ ਨਾਲ ਮੁਕਤੀ ਹੱਥ ਆਵੇ। ਜਿਹ ਦੇ ਲਈ ਉਸ ਨੇ ਤੁਹਾਨੂੰ ਸਾਡੀ ਖੁਸ਼ ਖਬਰੀ ਦੇ ਰਾਹੀਂ *ਸੱਦਿਆ* ਭਈ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਪਰਾਪਤ ਹੋਵੇ" (ਆਇਤਾਂ 13, 14; ਜ਼ੋਰ ਦਿੱਤਾ ਗਿਆ ਹੈ)। ਪਰਮੇਸ਼ਰ ਨੇ ਬੀਤੇ ਸਮੇਂ ਵਿੱਚ ਕਿਸੇ ਵੇਲੇ ਸਾਨੂੰ ਉਸ ਦੇ ਪਰਿਵਾਰ ਦਾ ਹਿੱਸਾ ਹੋਣ ਦਾ ਸੱਦਾ ਦਿੱਤਾ ਹੈ।[37]

ਥੱਸਲੁਨੀਕੀ ਮਸੀਹੀ "ਭਰਾ ਅਤੇ ਪ੍ਰਭੂ ਦੇ ਪਿਆਰੇ" ਸਨ। ਸਾਰੇ ਮਨੁੱਖ ਪਰਮੇਸ਼ਰ ਦੇ ਪਿਆਰੇ ਹਨ (ਯੂਹੰਨਾ 3:16)। ਮਸੀਹੀ, ਜਿਹੜੇ "ਸੱਦੇ ਹੋਏ" ਹਨ, ਵਿਸ਼ੇਸ਼ ਤੌਰ ’ਤੇ ਪਰਮੇਸ਼ਰ ਦੇ ਪ੍ਰੇਮ ਦਾ ਹਿੱਸਾ ਹਨ (ਯਹੂਦਾਹ 21)। ਕੋਈ ਵਿਅਕਤੀ ਪਰਮੇਸ਼ਰ ਦੁਆਰਾ ਸੱਦਿਆ ਜਾਂ

ਚੁਣਿਆ ਹੋਇਆ ਕਿਵੇਂ ਹੁੰਦਾ ਹੈ? ਉਸ ਨੇ ਸਭਨਾਂ ਲੋਕਾਂ ਨੂੰ ਕਿਉਂ ਨਹੀਂ ਚੁਣਿਆ ਹੈ? ਕੀ ਪਰਮੇਸ਼ਰ ਸਾਨੂੰ ਆਪਣੀ ਮਨਮਾਨੀ ਨਾਲ ਚੁਣਦਾ ਹੈ? ਇਨ੍ਹਾਂ ਤਿੰਨਾਂ ਪ੍ਰਸ਼ਨਾਂ ਦਾ ਉੱਤਰ ਇਹ ਹੈ ਕਿ ਪਰਮੇਸ਼ਰ ਉਨ੍ਹਾਂ ਨੂੰ ਬਚਾਉਂਦਾ ਹੈ ਜਿਹੜੇ ਆਗਿਆਕਾਰੀ ਹਨ। ਇਬਰਾਨੀਆਂ 5:9 ਆਖਦਾ ਹੈ, "ਉਹ ਸਿੱਧ ਹੋ ਕੇ ਓਹਨਾਂ ਸਭਨਾਂ ਦੀ ਜਿਹੜੇ ਉਹ ਦੇ *ਆਗਿਆਕਾਰ* ਹਨ ਸਦਾ ਦੀ ਗਤੀ ਦਾ ਕਾਰਨ ਹੋਇਆ" (ਜ਼ੋਰ ਦਿੱਤਾ ਗਿਆ ਹੈ)। ਇਸ ਦੇ ਉਲਟ, ਜਿਹੜੇ ਲੋਕ ਮਸੀਹ ਨੂੰ ਰੱਦ ਦਿੰਦੇ ਹਨ, ਉਹ ਪਰਮੇਸ਼ਰ ਵੱਲੋਂ ਦੋਸ਼ੀ ਠਹਿਰਦੇ ਹਨ। ਪਰਮੇਸ਼ਰ ਦੇ ਨਾਲ ਸਾਡੇ ਸੰਬੰਧ ਵਿੱਚ ਦੋ ਸਮੂਹ ਹੁੰਦੇ ਹਨ: ਅਣਆਗਿਆਕਾਰੀ ਅਤੇ ਆਗਿਆਕਾਰੀ। ਅਸੀਂ ਆਪਣੇ ਆਪ ਨੂੰ ਕਿਸ ਸਮੂਹ ਵਿੱਚ ਪਾਉਂਦੇ ਹਾਂ?

ਥੱਸਲੁਨੀਕੇ ਦੀ ਕਲੀਸਿਯਾ ਨੇ ਪਰਮੇਸ਼ਰ ਦੀ ਆਗਿਆਕਾਰੀ ਕਰਨ ਦੀ ਚੋਣ ਕੀਤੀ ਸੀ; ਸੋ ਇਸ ਕਰਕੇ ਉਹ ਪਰਮੇਸ਼ਰ ਦੇ ਪ੍ਰੇਮ ਵਿੱਚ ਸਨ। ਇਸੇ ਕਰਕੇ ਪੌਲੁਸ "ਧੰਨਵਾਦ ਦੇਣ ਲਈ" ਮਜਬੂਰ ਹੋ ਗਿਆ ਸੀ। ਉਹ ਪਰਮੇਸ਼ਰ ਦੇ ਪਰਿਵਾਰ ਦੇ ਸਭਨਾਂ ਮੈਂਬਰਾਂ ਦੇ ਲਈ ਧੰਨਵਾਦ ਕਰਦਾ ਸੀ।

*ਸਾਡੀ ਚੋਣ ਵਿੱਚ ਪਰਮੇਸ਼ਰ ਦੀ ਕੀ ਭੂਮਿਕਾ ਹੈ?* KJV ਅਤੇ NASB ਪਰਮੇਸ਼ਰ ਵੱਲੋਂ ਆਪਣੇ ਲੋਕਾਂ ਦੀ ਚੋਣ ਕਰਨ ਦੇ ਸਮੇਂ ਨੂੰ "ਆਦ ਤੋਂ ਹੀ" ਲਿਖਦੀ ਹੈ। NASB ਦਾ ਫੁੱਟਨੋਟ ਲਿਖਦਾ ਹੈ, "ਇੱਕ ਪ੍ਰਾਚੀਨ ਹਸਤਲੇਖ ਵਿੱਚ ਪਹਿਲਾ ਫਲ ਲਿਖਿਆ ਹੈ।" UBS ਲਿਖਦੀ ਹੈ "ਪਰਮੇਸ਼ਰ ਨੇ ਤੁਹਾਨੂੰ ਪਹਿਲੇ ਫਲ ਵਜੋਂ ਚੁਣ ਲਿਆ ਹੈ।" ਸ਼ਾਇਦ ਇਹ ਸਹੀ ਹੈ। ਪਰਮੇਸ਼ਰ ਨੇ ਥੱਸਲੁਨੀਕੀਆਂ ਨੂੰ ਮਕਦੂਨਿਯਾ ਦੇ ਉਸ ਹਿੱਸੇ ਵਿਚਲੀ ਆਪਣੀ ਵਾਢੀ ਦਾ "ਪਹਿਲਾ ਫਲ" ਬਣਾਇਆ ਸੀ (ਵੇਖੋ ਬਿਵਸਥਾ ਸਾਰ 26:1–4)।

ਸੱਦਾ ਕਿਵੇਂ ਆਇਆ? ਚੁਣੇ ਹੋਏ ਲੋਕ "ਆਤਮਾ ਤੋਂ" ਪਵਿੱਤਰ ਕੀਤੇ ਗਏ ਹਨ। ਪਵਿੱਤਰਤਾਈ ਵਿੱਚ ਸ਼ੁੱਧ ਕੀਤਾ ਜਾਣਾ ਸ਼ਾਮਿਲ ਹੈ। "ਆਤਮਾ" ਪਵਿੱਤਰ ਆਤਮਾ ਹੈ, ਜਿਸ ਦੇ ਦੁਆਰਾ ਲਿਖਤ ਵਚਨ ਪਰਗਟ ਹੋਇਆ ਸੀ (ਯੂਹੰਨਾ 16:13; ਵੇਖੋ ਯੂਹੰਨਾ 17:17; ਅਫ਼ਸੀਆਂ 6:17)। ਪਹਿਲਾਂ ਅਸੀਂ ਬਪਤਿਸਮਾ ਵੇਲੇ ਪਾਪ ਤੋਂ ਸ਼ੁੱਧ ਜਾਂ ਪਵਿੱਤਰ ਕੀਤੇ ਜਾਂਦੇ ਹਾਂ (ਰਸੂਲਾਂ ਦੇ ਕਰਤੱਬ 2:38)। ਫਿਰ ਅਸੀਂ ਜਿਵੇਂ-ਜਿਵੇਂ ਆਪਣਿਆਂ ਪਾਪਾਂ ਤੋਂ ਤੋਬਾ ਕਰਦੇ ਜਾਂਦੇ ਹਾਂ, ਉਵੇਂ-ਉਵੇਂ ਅਸੀਂ ਸ਼ੁੱਧ ਹੁੰਦੇ ਜਾਂਦੇ ਹਾਂ ਅਤੇ ਮਸੀਹ ਦੇ ਲਹੂ ਦੁਆਰਾ ਪਵਿੱਤਰ ਕੀਤੇ ਜਾਂਦੇ ਹਾਂ (ਵੇਖੋ 1 ਯੂਹੰਨਾ 1:7)।

ਚੁਣੇ ਹੋਏ ਲੋਕ "ਸੱਚ ਨੂੰ ਮੰਨਣ ਨਾਲ" ਵੀ ਪਵਿੱਤਰ ਕੀਤੇ ਜਾਂਦੇ ਹਨ। ਆਇਤ 14 ਵਿੱਚ ਪੌਲੁਸ ਨੇ ਇਸ ਸੱਚ ਨੂੰ "ਸਾਡੀ ਖੁਸ਼ ਖਬਰੀ" ਆਖਿਆ। ਪੌਲੁਸ ਆਪਣੇ ਸੁਨੇਹੇ ਨੂੰ ਥੱਸਲੁਨੀਕੀਆਂ ਦੇ ਕੋਲ ਲੈ ਕੇ ਗਿਆ ਸੀ। ਪਰਮੇਸ਼ਰ ਦਾ ਇਹ ਸੁਨੇਹਾ ਉਹ "ਖੁਸ਼ ਖਬਰੀ" ਸੀ ਜਿਸ ਦਾ ਪ੍ਰਚਾਰ ਪੌਲੁਸ ਕਰਦਾ ਆ ਰਿਹਾ ਸੀ।

ਸੁਨੇਹੇ ਨੂੰ ਸੁਣਨ ਵਾਲੇ ਸਾਰੇ ਲੋਕ ਇਸ ਨੂੰ ਸਵੀਕਾਰ ਨਹੀਂ ਕਰਦੇ। ਕੇਵਲ ਇਸ ਨੂੰ ਸਵੀਕਾਰ ਕਰਨ ਵਾਲੇ ਹੀ ਪੂਰੇ ਤੌਰ 'ਤੇ "ਚੁਣੇ ਹੋਏ" ਆਖੇ ਜਾ ਸਕਦੇ ਹਨ। ਕੁਝ ਲੋਕ "ਸਚਿਆਈ ਦੇ ਪ੍ਰੇਮ ਨੂੰ ਕਬੂਲ" ਨਾ ਕਰਨ ਦੀ ਚੋਣ ਕਰਦੇ ਹਨ (ਆਇਤ 10) ਅਤੇ "ਝੂਠ ਨੂੰ ਸੱਚ" ਮੰਨ ਲੈਂਦੇ ਹਨ (ਆਇਤ 11)। ਥੱਸਲੁਨੀਕੀ ਮਸੀਹੀਆਂ ਨੇ "ਸੱਚ ਨੂੰ ਮੰਨ" ਲਿਆ ਸੀ। ਇਸੇ ਕਰਕੇ ਉਹ ਸੱਦੇ ਹੋਏ ਸਨ। ਵੈਦਰਲੀ ਨੇ ਲਿਖਿਆ, "ਉਹ ਉਨ੍ਹਾਂ ਨੂੰ ਉਨ੍ਹਾਂ ਦੀ ਨਿਹਚਾ ਦੇ ਅਧਾਰ 'ਤੇ ਚੁਣਦਾ ਹੈ।"[38]

ਮਸੀਹੀ ਲੋਕ ਕਿਸ ਲਈ ਸੱਦੇ ਗਏ ਹਨ? ਅਸੀਂ "ਮੁਕਤੀ" ਲਈ ਸੱਦੇ ਗਏ ਹਾਂ, ਅਰਥਾਤ

ਆਪਣਿਆਂ ਪਾਪਾਂ ਤੋਂ ਅਜ਼ਾਦ ਹੋਣ ਲਈ ਸੱਦੇ ਗਏ ਹਾਂ। ਅਸੀਂ "ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਪਰਾਪਤ" ਕਰਨ ਲਈ ਵੀ ਸੱਦੇ ਗਏ ਹਾਂ (ਆਇਤ 14; ਵੇਖੋ 1 ਥੱਸਲੁਨੀਕੀਆਂ 5:9)। ਕੁਝ ਸੀਮਿਤ ਭਾਵ ਵਿੱਚ ਅਸੀਂ ਇਸ ਜੀਵਨ ਵਿੱਚ ਵੀ ਮਸੀਹ ਦੀ ਮਹਿਮਾ ਪਰਾਪਤ ਕਰਦੇ ਹਾਂ (2 ਕੁਰਿੰਥੀਆਂ 3:18)। ਪਰ ਸਵਰਗ ਵਿੱਚ ਅਸੀਂ ਉਸ ਮਹਿਮਾ ਵਿੱਚ ਵੱਡੇ ਤੌਰ 'ਤੇ ਭਾਗੀ ਹੋਵਾਂਗੇ (ਰੋਮੀਆਂ 8:18; ਫ਼ਿਲਿੱਪੀਆਂ 3:20, 21)। ਇਹ ਸਭ ਇਸ ਕਰਕੇ ਸੰਭਵ ਹੈ ਕਿਉਂਕਿ ਪਰਮੇਸ਼ਰ ਨੇ ਸਾਨੂੰ ਸੱਦਿਆ ਹੈ।

*ਸਾਡੀ ਚੋਣ ਵਿੱਚ ਸਾਡੀ ਕੀ ਭੂਮਿਕਾ ਹੈ?* ਸਾਨੂੰ ਆਪਣੇ ਸੱਦੇ ਵਿੱਚ "ਤਕੜਾਈ ਨਾਲ ਖੜ੍ਹੇ" ਹੋਣਾ ਹੈ। ਪੌਲੁਸ ਨੇ ਲਿਖਿਆ, "ਸੋ ਇਸ ਕਾਰਨ ਹੇ ਭਰਾਵੋ, ਕਾਇਮ ਰਹੋ ਅਤੇ ਉਨ੍ਹਾਂ ਰਵਾਇਤਾਂ ਨੂੰ ਜਿਹੜੀਆਂ ਤੁਸਾਂ ਭਾਵੇਂ ਜ਼ਬਾਨੀ ਭਾਵੇਂ ਸਾਡੀ ਪੱਤ੍ਰੀ ਤੋਂ ਸਿੱਖੀਆਂ ਫੜੀ ਰੱਖੋ" (ਆਇਤ 15)। ਝੂਠੀਆਂ ਰੂਹਾਂ ਜਾਂ ਝੂਠੇ ਪੱਤਰਾਂ ਦੇ ਕਾਰਨ "ਛੇਤੀ ਡੋਲਣ" ਜਾਂ "ਘਾਬਰਣ" (2:2) ਦੀ ਬਜਾਇ, ਉਨ੍ਹਾਂ ਨੂੰ "ਤਕੜਾਈ ਨਾਲ ਖੜ੍ਹੇ" ਹੋਣਾ ਸੀ। ਪੌਲੁਸ ਨੇ ਇਸ ਭਾਵ ਦੀ ਵਰਤੋਂ ਬਾਰ-ਬਾਰ ਕੀਤੀ ਹੈ (ਵੇਖੋ 1 ਥੱਸਲੁਨੀਕੀਆਂ 3:8; 1 ਕੁਰਿੰਥੀਆਂ 16:13)।

ਪੌਲੁਸ ਨੇ ਥੱਸਲੁਨੀਕੀਆਂ ਨੂੰ ਮਸ਼ਵਰਾ ਦਿੱਤਾ ਕਿ ਉਹ ਉਨ੍ਹਾਂ "ਰਵਾਇਤਾਂ" ਨੂੰ ਫੜੀ ਰੱਖਣ ਜਿਹੜੀਆਂ ਉਨ੍ਹਾਂ ਨੂੰ "ਜ਼ਬਾਨੀ" ਸਿਖਾਈਆਂ ਗਈਆਂ ਸਨ। "ਜ਼ਬਾਨੀ" ਸ਼ਬਦ ਉਨ੍ਹਾਂ ਸਿੱਖਿਆਵਾਂ ਵੱਲ ਇਸ਼ਾਰਾ ਕਰਦਾ ਹੈ, ਜਿਹੜੀਆਂ *ਪੌਲੁਸ ਦੁਆਰਾ* ਉਨ੍ਹਾਂ ਦੇ ਨਾਲ ਰਹਿੰਦਿਆਂ ਮੌਖਿਕ ਤੌਰ 'ਤੇ ਦਿੱਤੀਆਂ ਗਈਆਂ ਸਨ।

ਪੌਲੁਸ ਨੇ ਉਨ੍ਹਾਂ ਨੂੰ ਉਨ੍ਹਾਂ "ਰਵਾਇਤਾਂ" ਨੂੰ ਵੀ ਫੜੀ ਰੱਖਣ ਬਾਰੇ ਆਖਿਆ ਜਿਹੜੀਆਂ "ਪੱਤ੍ਰੀ" ਦੁਆਰਾ ਸਿਖਾਈਆਂ ਗਈਆਂ ਸਨ। ਇਸ ਵਿੱਚ 1 ਥੱਸਲੁਨੀਕੀਆਂ ਦੀ ਪੱਤ੍ਰੀ ਸ਼ਾਮਲ ਹੈ, ਜਿਸ ਨੂੰ ਉਸ ਨੇ ਉਨ੍ਹਾਂ ਦੇ ਲਈ ਕੁਝ ਮਹੀਨੇ ਪਹਿਲਾਂ ਲਿਖਿਆ ਸੀ। ਸਾਨੂੰ ਵੀ ਇਹ ਅਵਸਰ ਮਿਲਿਆ ਹੈ ਕਿ ਅਸੀਂ ਵੀਂ ਉਨ੍ਹਾਂ ਪੱਤਰਾਂ ਅਤੇ ਪੁਸਤਕਾਂ ਨੂੰ ਪੜ੍ਹ ਸਕੀਏ ਜਿਨ੍ਹਾਂ ਨੂੰ ਰਸੂਲ ਅਤੇ ਹੋਰ ਪ੍ਰੇਰਿਤ ਲਿਖਾਰੀ ਛੱਡ ਕੇ ਗਏ ਹਨ। ਸਾਰੀ ਲਿਖਤ ਪਰਮੇਸ਼ਰ ਦੇ ਆਤਮਾ ਤੋਂ ਹੈ, ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਲਿਖੀ ਗਈ ਹੈ। ਇਹ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ (2 ਤਿਮੋਥਿਉਸ 3:16)।

ਕਿਸੇ ਨੇ ਉਨ੍ਹਾਂ ਰਵਾਇਤਾਂ ਦਾ ਸਮਰਥਨ ਕਰ ਲਈ, ਜਿਨ੍ਹਾਂ ਦੀ ਪਾਲਣਾ ਕਰਨ ਦੀ ਲੋੜ ਨਹੀਂ ਹੈ, ਆਇਤ 15 ਦਾ ਗਲਤ ਅਨੁਵਾਦ ਕੀਤਾ ਹੈ। ਸਾਰੀਆਂ ਰਵਾਇਤਾਂ ਨਾ ਤਾਂ ਲਾਭਕਾਰੀ ਹਨ ਅਤੇ ਨਾ ਹੀ ਪਰਮੇਸ਼ਰ ਵੱਲੋਂ ਹਨ। ਸਾਨੂੰ ਪੌਲੁਸ ਦੀ ਤਾਗੀਦ ਦਾ ਮੁੱਲਾਂਕਣ ਕਰਨ ਦੀ ਲੋੜ ਹੈ। ਚੰਗੀਆਂ ਰਵਾਇਤਾਂ ਵੀ ਹਨ ਅਤੇ ਮਾੜੀਆਂ ਰਵਾਇਤਾਂ ਵੀ ਹਨ (1 ਕੁਰਿੰਥੀਆਂ 11:2 ਦੀ ਮੱਤੀ 15:6 ਨਾਲ ਤੁਲਨਾ ਕਰੋ)। ਦੋਹਾਂ ਵਿੱਚ ਸਰੋਤ ਦਾ ਅੰਤਰ ਹੈ। ਚੰਗੀਆਂ ਰਵਾਇਤਾਂ ਰਸੂਲਾਂ ਵੱਲੋਂ ਸਪੁਰਦ ਕੀਤੀਆਂ ਗਈਆਂ ਹਨ, ਜਿਹੜੀਆਂ ਪਵਿੱਤਰ ਆਤਮਾ ਵੱਲੋਂ ਪ੍ਰੇਰਿਤ ਹਨ। ਮਾੜੀਆਂ ਰਵਾਇਤਾਂ ਪ੍ਰੇਰਣਾ ਰਹਿਤ ਧਾਰਮਿਕ ਹੁਕਮ ਹਨ, ਜਿਹੜੇ ਵੱਖ-ਵੱਖ ਲੋਕਾਂ ਦੁਆਰਾ ਸਪੁਰਦ ਕੀਤੇ ਗਏ ਹਨ। ਨਵਾਂ ਨੇਮ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਪਵਿੱਤਰ ਆਤਮਾ ਰਸੂਲਾਂ ਦੀ ਅਗਵਾਈ ਕਰੇਗਾ। ਉਨ੍ਹਾਂ ਨੂੰ ਪਰਮੇਸ਼ਰ ਵੱਲੋਂ ਵਿਸ਼ੇਸ ਪਰਕਾਸ਼ ਮਿਲੇ ਹਨ, ਜਿਹੜੇ ਹੋਰਨਾਂ ਲੋਕਾਂ ਕੋਲ ਨਹੀਂ ਹਨ (ਵੇਖੋ ਯੂਹੰਨਾ 16:13; 1 ਕੁਰਿੰਥੀਆਂ 14:37; 2 ਪਤਰਸ 1:13–21)।

ਅਸੀਂ ਜਿੰਨੀਆਂ ਵੀ ਰਵਾਇਤਾਂ ਦੀ ਪਾਲਣਾ ਕਰਨੀ ਹੈ, ਉਨ੍ਹਾਂ ਦਾ ਅਰੰਭ ਰਸੂਲਾਂ ਤੋਂ ਹੀ ਹੁੰਦਾ ਹੈ। ਕਈ ਲੋਕਾਂ ਨੇ ਮਨੁੱਖਾਂ ਦੀਆਂ ਰਵਾਇਤਾਂ ਦੀ ਪਾਲਣਾ ਕੀਤੀ ਹੈ, ਜਿਹੜੀਆਂ ਪਿਛਲੇ

ਦੋ ਹਜ਼ਾਰ ਵਰ੍ਹਿਆਂ ਦੇ ਦੌਰਾਨ ਵਿਕਸਿਤ ਹੋਈਆਂ ਹਨ। ਅੱਜ ਅਸੀਂ ਜਿੰਨੀਆਂ ਵੀ ਰਵਾਇਤਾਂ ਦੀ ਪਾਲਣਾ ਕਰਨੀ ਹੈ, ਉਹ ਸਾਰੀਆਂ ਬਾਈਬਲ ਵਿੱਚ ਲਿਖੀਆਂ ਹੋਈਆਂ ਹਨ। ਜ਼ਬਾਨੀ ਰਵਾਇਤਾਂ ਜਾਂ ਬਾਅਦ ਵਿੱਚ ਆਈਆਂ ਰਵਾਇਤਾਂ ਨੂੰ ਰੱਦਿਆ ਜਾਣਾ ਚਾਹੀਦਾ ਹੈ।

ਮਸੀਹ ਦੇ ਪੈਰੋਕਾਰ ਹੋਣ ਕਰਕੇ, ਅਸੀਂ ਆਪਣੇ ਸੱਦੇ ਵਿੱਚ "ਤਕੜਾਈ ਨਾਲ ਖੜ੍ਹੇ" ਰਹਿਣ ਲਈ ਆਪ ਜਿੰਮੇਵਾਰ ਹਾਂ। ਇਸ ਦਾ ਅਰਥ ਹੈ ਕਿ ਸਾਨੂੰ ਵਚਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਲੋੜ ਪੈਣ 'ਤੇ ਅਸੀਂ ਇਸ ਦਾ ਬਚਾਅ ਪੱਖ ਪੇਸ਼ ਕਰਨ ਲਈ ਤਿਆਰ ਰਹਿਣਾ ਹੈ। ਅਸੀਂ ਆਪਣੀਆਂ ਵਿਆਖਿਆਵਾਂ ਨੂੰ ਲੈ ਕੇ ਅੜੱਬ ਨਾ ਬਣ ਜਾਈਏ, ਪਰ ਬਾਈਬਲ ਦੇ ਇਖਤਿਆਰ ਦਾ ਪੂਰਾ ਸਨਮਾਨ ਕਰੀਏ ਅਤੇ ਆਪਣੇ ਮਨਸੂਬਿਆਂ ਦੀ ਬਜਾਇ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਚੱਲੀਏ। ਅਸੀਂ ਆਪਣੀ ਪੀੜ੍ਹੀ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਪ੍ਰਾਪਤ ਸਿੱਖਿਆ ਨੂੰ ਫੜੀ ਰੱਖੀਏ।

*ਸਾਡੇ ਸੱਦੇ ਦੇ ਪ੍ਰਤੀ ਵਿਸ਼ਵਾਸਯੋਗ ਬਣੇ ਰਹਿਣ ਵਿੱਚ ਪਰਮੇਸ਼ਰ ਸਾਡੀ ਮਦਦ ਕਰਦਾ ਰਹਿੰਦਾ ਹੈ।* ਪਰਮੇਸ਼ਰ ਨੇ ਸਾਨੂੰ ਚੁਣ ਕੇ ਅਤੇ ਸਾਨੂੰ ਪਵਿੱਤਰ ਕਰ ਕੇ ਪਹਿਲਾਂ ਹੀ ਸਾਡੀ ਮਦਦ ਕਰ ਦਿੱਤੀ ਹੈ (ਆਇਤ 13), ਪਰ ਸਾਨੂੰ ਆਪਣੇ ਸੱਦੇ ਵਿੱਚ "ਤਕੜਾਈ ਨਾਲ ਖੜ੍ਹੇ ਰਹਿਣ" ਲਈ ਵੀ ਮਦਦ ਦੀ ਲੋੜ ਹੈ। ਪਰਮੇਸ਼ਰ ਹੀ ਉਹ "ਇੱਕਮਾਤਰ ਸ਼ਕਤੀ" ਹੈ ਜਿਹੜਾ ਇਸ ਨੇਮ ਦੀ ਮਨੁੱਖੀ ਜਿੰਮੇਵਾਰੀ ਨੂੰ ਨਿਭਾਉਣ ਵਿੱਚ ਸਾਡੀ ਮਦਦ ਕਰ ਸਕਦਾ ਹੈ।[39] ਇਸੇ ਕਰਕੇ ਪੌਲੁਸ ਨੇ ਯਿਸੂ ਅੱਗੇ ਅਤੇ ਪਰਮੇਸ਼ਰ ਅੱਗੇ ਬੇਨਤੀ ਕੀਤੀ ਕਿ ਉਹ ਭਾਈਆਂ ਨੂੰ ਉਨ੍ਹਾਂ ਦੇ ਸੱਦੇ ਦੇ ਪ੍ਰਤੀ ਵਿਸ਼ਵਾਸਯੋਗ ਬਣੇ ਰਹਿਣ ਵਿੱਚ ਮਦਦ ਕਰਨ (ਆਇਤ 16)।

ਉਸ ਨੇ ਮੰਗਿਆ ਕਿ ਮਸੀਹੀਆਂ ਦੇ ਮਨਾਂ ਨੂੰ ਸ਼ਾਂਤੀ ਮਿਲੇ (ਆਇਤ 17)। ਨਿਰਾਸ ਲੋਕਾਂ ਨੂੰ ਪ੍ਰੋਤਸਾਹਨ ਦੀ ਲੋੜ ਹੈ। ਥੱਸਲੁਨੀਕੇ ਵਿੱਚ ਸ਼ਾਇਦ ਕੁਝ ਮੈਂਬਰਾਂ ਨੂੰ ਪ੍ਰੋਤਸਾਹਨ ਦੀ ਲੋੜ ਸੀ ਕਿ ਉਹ ਗਲਤ ਸਿੱਖਿਆ ਦੇ ਕਾਰਨ ਪਰੇਸ਼ਾਨ ਨਾ ਹੋ ਜਾਣ। ਅੱਜ ਸ਼ਾਇਦ ਕੁਝ ਲੋਕ ਕਿਸੇ ਭਿਆਣਕ ਸੰਕਟ ਦੇ ਕਾਰਨ ਜਾਂ ਆਪਣੇ ਜੀਵਨ ਵਿੱਚ ਆ ਰਹੇ ਕਿਸੇ ਵੱਡੇ ਬਦਲਾਓ ਦੇ ਕਾਰਨ ਨਿਰਾਸ ਹੋਣ। ਪੌਲੁਸ ਨੇ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਅਤੇ ਸਾਨੂੰ ਵੀ ਪ੍ਰੋਤਸਾਹਨ ਪ੍ਰਾਪਤ ਕਰਨ ਲਈ ਪਰਮੇਸ਼ਰ ਵੱਲ ਮੁੜਨਾ ਚਾਹੀਦਾ ਹੈ।

ਪੌਲੁਸ ਨੇ ਮੰਗਿਆ ਕਿ ਪਰਮੇਸ਼ਰ "ਓਹਨਾਂ ਨੂੰ ਹਰੇਕ ਸੁਭ ਕਰਮ ਅਤੇ ਬਚਨ ਵਿੱਚ ਦ੍ਰਿੜ੍ਹ ਕਰੇ" (ਆਇਤ 17)। ਜਦ ਵੀ ਅਸੀਂ ਚੰਗੇ ਕੰਮ ਕਰਦੇ ਹਾਂ, ਤਾਂ ਸਾਡੇ ਦਿਲਾਂ ਨੂੰ ਸ਼ਾਂਤੀ ਅਤੇ ਤਾਕਤ ਮਿਲਣੀ ਚਾਹੀਦੀ ਹੈ। ਜਦ ਅਸੀਂ ਕਿਸੇ ਦੁਖੀ ਜਾਂ ਰੋਗੀ ਦੀ ਮਦਦ ਕਰਦੇ ਹਾਂ, ਤਾਂ ਇਸ ਤੋਂ ਸਾਡਿਆਂ ਜੀਵਨਾਂ ਵਿੱਚ ਬਲ ਅਤੇ ਪ੍ਰੋਤਸਾਹਨ ਆਉਣਾ ਚਾਹੀਦਾ ਹੈ। ਜਦ ਅਸੀਂ ਆਪਣਿਆਂ ਸ਼ਬਦਾਂ ਦੁਆਰਾ ਪ੍ਰੋਤਸਾਹਨ, ਸਿੱਖਿਆ ਅਤੇ ਸੁਝਾਓ ਦਿੰਦੇ ਹਾਂ, ਤਾਂ ਇਸ ਤੋਂ ਸਾਨੂੰ ਮਸੀਹ ਅਤੇ ਉਸ ਦੀਆਂ ਸਿੱਖਿਆਵਾਂ ਦੀ ਪੈਰਵੀ ਕਰਨ ਲਈ ਸਾਡੇ ਸਮਰਪਣ ਨੂੰ ਪ੍ਰੋਤਸਾਹਨ ਮਿਲਣਾ ਚਾਹੀਦਾ ਹੈ। ਸਾਨੂੰ ਪੌਲੁਸ ਵਾਂਗ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਪਰਮੇਸ਼ਰ ਸਾਨੂੰ ਅਤੇ ਸਭਨਾਂ ਮਸੀਹੀਆਂ ਨੂੰ ਆਪਣੇ ਸੱਦੇ ਦੇ ਪ੍ਰਤੀ ਵਿਸ਼ਵਾਸਯੋਗ ਬਣੇ ਰਹਿਣ ਵਿੱਚ ਅਤੇ ਮਸੀਹੀ ਬਣਨ ਵੇਲੇ ਮਿਲੀਆਂ ਜਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਮਦਦ ਕਰੇ।

ਪਰਮੇਸ਼ਰ ਨੇ ਸਾਨੂੰ ਇੱਕ ਉਦੇਸ਼ ਦੇ ਲਈ ਸੱਦਿਆ ਹੈ। ਸਾਨੂੰ ਜੀਵਨ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਜਾਂ ਬਾਈਬਲ ਦੇ ਨਾਲ ਮੇਲ ਨਾ ਖਾਣ ਵਾਲੀਆਂ ਮਨੁੱਖੀ ਸਿੱਖਿਆਵਾਂ ਤੋਂ ਪਰੇਸ਼ਾਨ ਹੋਣ ਦੀ ਲੋੜ ਨਹੀਂ ਹੈ। ਜ਼ਰੂਰੀ ਹੈ ਕਿ ਅਸੀਂ "ਨਿਸ਼ਾਨੇ ਵੱਲ ਦੱਬੀ ਜਾਈਏ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਈਏ ਜੋ ਪਰਮੇਸ਼ਰ ਦੀ ਵੱਲੋਂ

ਮਸੀਹ ਯਿਸੂ ਵਿੱਚ ਹੈ” (ਫ਼ਿਲਿੱਪੀਆਂ 3:14)। EE

**ਪਰਮੇਸ਼ਰ ਦੀ ਸੱਚਾਈ ਅਤੇ ਮਨੁੱਖੀ ਭੁੱਲ (2:1-12)**

ਕਈ ਲੋਕਾਂ ਲਈ ਉਮਰ ਵਧਣ ਦਾ ਅਰਥ ਹੈ ਬਲ ਅਤੇ ਯੋਗਤਾਵਾਂ ਖਤਮ ਹੋਣਾ, ਮਿੱਤਰਾਂ ਅਤੇ ਸੰਬੰਧੀਆਂ ਦਾ ਛੱਡ ਕੇ ਚਲੇ ਜਾਣਾ। ਇਸ ਵੇਲੇ ਚਿਰਕਾਲ ਦੇ, ਸਦੀਪਕਤਾ ਦੇ ਲਾਭ ਵਧੇਰੇ ਸਪੱਸ਼ਟ ਅਤੇ ਵਧੇਰੇ ਅਨੰਦਮਈ ਬਣ ਸਕਦੇ ਹਨ। ਇਸ ਜੀਵਨ ਦਾ ਅੰਤ ਮਸੀਹੀਆਂ ਨੂੰ ਸਤਿਕਾਰ ਅਤੇ ਮਹਿਮਾ ਵਿੱਚ ਲੈ ਜਾਂਦਾ ਹੈ। ਇੱਥੋਂ ਤੱਕ ਕਿ ਜੇਕਰ ਯਿਸੂ ਸਾਡੀ ਮੌਤ ਤੋਂ ਪਹਿਲਾਂ ਵਾਪਿਸ ਆ ਜਾਂਦਾ ਹੈ, ਤਦ ਵੀ ਅਸੀਂ ਇੱਕ ਪਰਤਾਪੀ ਮੁਲਾਕਾਤ ਦੀ ਉਡੀਕ ਕਰ ਸਕਦੇ ਹਾਂ।

ਥੱਸਲੁਨੀਕੇ ਵਿੱਚ ਕੁਝ ਮਸੀਹੀ ਚਿੰਤਤ ਸਨ ਕਿ ਜਿਨ੍ਹਾਂ ਲੋਕਾਂ ਦੀ ਮੌਤ ਹੋ ਚੁੱਕੀ ਹੈ, ਉਹ ਯਿਸੂ ਦੇ ਨਾਲ ਪਰਤਾਪੀ ਮੁਲਾਕਾਤ ਤੋਂ ਵਾਂਝੇ ਰਹਿ ਜਾਣਗੇ। 1 ਥੱਸਲੁਨੀਕੀਆਂ ਵਿੱਚ ਉਨ੍ਹਾਂ ਨੂੰ ਇਹ ਤਸੱਲੀ ਦਿੱਤੀ ਗਈ ਸੀ ਕਿ ਮੌਤ ਵਿਸ਼ਵਾਸਯੋਗ ਮਸੀਹੀਆਂ ਨੂੰ ਯਿਸੂ ਦੀ ਵਾਪਸੀ ਦੇ ਪਰਤਾਪ ਵਿੱਚ ਸ਼ਾਮਲ ਹੋਣ ਤੋਂ ਨਹੀਂ ਰੋਕ ਸਕਦੀ।

2 ਥੱਸਲੁਨੀਕੀਆਂ ਲਿਖੇ ਜਾਣ ਵੇਲੇ ਮਸੀਹੀ ਲੋਕ ਇਸ ਖ਼ਬਰ ਨੂੰ ਸੁਣ ਕੇ ਪਰੇਸ਼ਾਨ ਸਨ ਕਿ ਯਿਸੂ ਵਾਪਿਸ ਆ ਚੁੱਕਾ ਹੈ। ਜੇਕਰ ਇਹ ਖ਼ਬਰ ਸੱਚ ਸੀ ਤਾਂ ਇਸ ਦਾ ਅਰਥ ਇਹ ਸੀ ਕਿ ਉਹ ਉਸ ਦੇ ਨਾਲ ਅਤੇ ਉਨ੍ਹਾਂ ਦੇ ਮਰ ਚੁੱਕੇ ਭਾਈਆਂ ਦੇ ਨਾਲ ਮਿਲਣ ਤੋਂ ਵਾਂਝੇ ਰਹਿ ਗਏ ਸਨ। ਪਹਿਲੇ ਪੱਤਰ ਵਾਂਗ ਦੂਜਾ ਪੱਤਰ ਵੀ ਉਨ੍ਹਾਂ ਨੂੰ ਮਸੀਹ ਦੀ ਵਾਪਸੀ ਬਾਰੇ ਸੱਚਾਈ ਦੇ ਰਾਹੀਂ ਸ਼ਾਂਤੀ ਦੇਣ ਦੇ ਲਈ ਲਿਖਿਆ ਗਿਆ ਸੀ। ਇਹ ਸੱਚਾਈ, ਭੁੱਲ ਦੇ ਉਲਟ ਦਰਸਾਉਂਦੀ ਹੈ ਕਿ ਮਸੀਹੀਆਂ ਦਾ ਭਵਿੱਖ ਸੁਰੱਖਿਅਤ ਹੈ।

ਗਲਤ ਸਿੱਖਿਆ, ਜੋ ਕਿ ਹਮੇਸ਼ਾ ਨੁਕਸਾਨ ਕਰਦੀ ਹੈ, ਮਸੀਹੀਆਂ ਨੂੰ ਜੀਵਨ ਦੇ ਰਾਹ ਤੋਂ ਭਟਕਾ ਸਕਦੀ ਹੈ। ਇਹ ਉਨ੍ਹਾਂ ਨੂੰ ਵਡਮੁੱਲੀਆਂ ਗੱਲਾਂ ਤੋਂ ਭਟਕਾ ਸਕਦੀ ਹੈ ਅਤੇ ਪਰਮੇਸ਼ਰ ਦੇ ਕੰਮ ਵਿੱਚ ਇਸਤੇਮਾਲ ਹੋ ਸਕਣ ਵਾਲੇ ਸੰਸਾਧਨਾਂ ਨੂੰ ਬਰਬਾਦ ਕਰ ਸਕਦੀ ਹੈ। ਅਸੀਂ ਗਲਤ ਸਿੱਖਿਆ ਨੂੰ ਨੁਕਸਾਨ ਕਰਨ ਤੋਂ ਕਿਵੇਂ ਰੋਕ ਸਕਦੇ ਹਾਂ? ਅਸੀਂ ਇਸ ਦੇ ਰਾਹੀਂ ਆਉਣ ਵਾਲੇ ਡਰ ਦਾ ਸਾਹਮਣਾ ਕਿਵੇਂ ਕਰ ਸਕਦੇ ਹਾਂ?

*ਗਲਤ ਸਿੱਖਿਆ ਨੂੰ ਪਛਾਣੋ* (2:1–5)। ਕਲੀਸਿਯਾ ਦੇ ਇਤਹਾਸ ਵਿੱਚ ਅਕਸਰ ਅਜਿਹਾ ਹੋਇਆ ਹੈ ਕਿ ਲੋਕਾਂ ਨੂੰ ਨਵੀਂਆਂ ਸਿੱਖਿਆਵਾਂ ਦਿੱਤੀਆਂ ਹਨ, ਕਈ ਵਾਰੀ ਤਾਂ ਹੈਰਾਨੀਜਨਕ ਤਰੀਕੇ ਨਾਲ ਵੱਖਰੀਆਂ ਸਿੱਖਿਆਵਾਂ। ਜ਼ਿਆਦਾਤਰ ਇਹ ਸਿੱਖਿਆਵਾਂ ਨਬੂਵਤਾਂ ਦੀਆਂ ਪੂਰਤੀਆਂ ਬਾਰੇ ਹੁੰਦੀਆਂ ਹਨ। ਜ਼ਿਆਦਾਤਰ ਲੋਕ ਪੁਰਾਣੇ ਨੇਮ ਦੀਆਂ ਨਬੂਵਤਾਂ ਦੇ ਵਿਸ਼ੇ ’ਤੇ ਚੱਲਦੇ ਹਨ, ਅਰਥਾਤ ਆਪਣੇ ਰਾਜ ਦੀ ਸਥਾਪਨਾ ਦੇ ਲਈ ਪ੍ਰਭੂ ਦਾ ਆਉਣਾ, ਜਾਂ ਫਿਰ ਨਵੇਂ ਨੇਮ ਦੀਆਂ ਨਬੂਵਤਾਂ ਦੇ ਵਿਸ਼ੇ ’ਤੇ, ਅਰਥਾਤ ਨਿਆਂ ਕਰਨ ਲਈ ਪ੍ਰਭੂ ਦਾ ਆਉਣਾ।

ਕਈ ਵਾਰ ਲੋਕਾਂ ਨੇ ਇਹ ਨਬੂਵਤ ਕੀਤੀ ਹੈ ਕਿ ਯਿਸੂ ਬਸ ਆਉਣ ਹੀ ਵਾਲਾ ਹੈ, ਜਾਂ ਫਿਰ ਕਿਸੇ ਗੁਪਤ ਰੂਪ ਵਿੱਚ ਕਿਸੇ ਥਾਂ ’ਤੇ ਆ ਚੁੱਕਾ ਹੈ। ਅਜਿਹੇ ਪ੍ਰਕਾਸ਼ਨਾਂ ਨੂੰ ਸੁਣ ਕੇ ਲੋਕ ਹੈਰਾਨ ਹੋ ਜਾਂਦੇ ਹਨ ਅਤੇ ਡਰ ਵੀ ਜਾਂਦੇ ਹਨ ਕਿ ਕਿਤੇ ਹੁਣ ਉਨ੍ਹਾਂ ਨੂੰ ਆਪਣੀਆਂ ਧਾਰਨਾਵਾਂ ਨੂੰ ਜਾਂ ਜ਼ਿੰਦਗੀਆਂ ਨੂੰ ਬਦਲਣਾ ਨਾ ਪੈ ਜਾਵੇ। ਅਸੀਂ ਅਜਿਹੀਆਂ ਗਲਤ ਸਿੱਖਿਆਵਾਂ ਨੂੰ ਕਿਵੇਂ ਪਛਾਣ ਸਕਦੇ ਹਾਂ?

ਪਹਿਲਾ, ਗਲਤ ਸਿੱਖਿਆ ਦੇ ਸੋਮੇ ਨੂੰ ਪਛਾਣੋ। ਜਦ ਕੋਈ ਵਿਅਕਤੀ ਕਿਸੇ ਨਵੀਂ ਸਿੱਖਿਆ ਨੂੰ ਲੈ ਕੇ ਆਉਂਦਾ ਹੈ ਜਿਸ ਨੂੰ ਹੋਰ ਕੋਈ ਨਹੀਂ ਜਾਣਦਾ, ਜਦ ਕੋਈ ਇਕੱਲਾ ਵਿਅਕਤੀ ਕਿਸੇ

ਵਿਸ਼ੇਸ਼ ਪਰਕਾਸ਼ ਨੂੰ ਪ੍ਰਾਪਤ ਕਰਨ ਦਾ ਦਾਅਵਾ ਕਰਦਾ ਹੈ, ਤਾਂ ਸਾਨੂੰ ਸਾਵਧਾਨ ਰਹਿਣ ਦੀ ਲੋੜ ਹੈ। ਵਿਸ਼ੇਸ਼ ਤੌਰ 'ਤੇ ਉਸ ਵੇਲੇ, ਜਦ ਇਹ ਵਿਅਕਤੀ ਦਾਅਵਾ ਕਰਦਾ ਹੈ ਕਿ ਉਸ ਦੀ ਇਹ ਜਾਣਕਾਰੀ ਸਾਰੇ ਗਿਆਨ ਜਾਂ ਸਾਰੇ ਪਰਕਾਸ਼ ਨੂੰ ਸਮਝਣ ਦੀ ਕੁੰਜੀ ਹੈ, ਜਾਂ ਫਿਰ ਜਦ ਉਹ ਦਾਅਵਾ ਕਰਦਾ ਹੈ ਕਿ ਬਾਕੀ ਸਾਰੇ ਗਲਤ ਹਨ। ਅਜਿਹੀਆਂ ਸਿੱਖਿਆਵਾਂ ਨਵੇਂ ਨੇਮ ਵਿੱਚ ਰਸੂਲਾਂ ਅਤੇ ਨਬੀਆਂ ਦੁਆਰਾ ਦਿੱਤੇ ਗਏ ਸੰਪੂਰਨ ਅਤੇ ਅੰਤਮ ਪ੍ਰਕਾਸ਼ਨ 'ਤੇ ਅਧਾਰਿਤ ਹੋਣ ਦੀ ਬਜਾਇ ਅਕਸਰ ਬਾਈਬਲ ਦੇ ਕਿਸੇ ਅਸਪੱਸ਼ਟ ਹਿੱਸੇ ਜਾਂ ਪ੍ਰਤੀਕਾਤਮਕ ਹਿੱਸੇ 'ਤੇ ਅਧਾਰਿਤ ਹੁੰਦੀਆਂ ਹਨ।

ਥੱਸਲੁਨੀਕੀ ਮਸੀਹੀਆਂ ਨੂੰ ਇੱਕ ਨਵਾਂ ਪ੍ਰਕਾਸ਼ਨ ਦਿੱਤਾ ਗਿਆ ਸੀ (2:1, 2), ਸ਼ਾਇਦ ਰਸੂਲੀ ਇਖਤਿਆਰ ਦੇ ਦਾਅਵੇ ਦੇ ਨਾਲ ਪੇਸ਼ ਕੀਤਾ ਗਿਆ ਸੀ। ਉਨ੍ਹਾਂ ਨੂੰ ਚਿਤਾਉਣੀ ਦਿੱਤੀ ਗਈ ਸੀ ਕਿ "ਛੇਤੀ ਨਾ ਡੋਲੋ," ਕਿਉਂਕਿ ਇਹ ਧੋਖਾ ਸੀ। ਉਨ੍ਹਾਂ ਨੂੰ ਸਚੇਤ ਰਹਿਣਾ ਸੀ। ਇਸੇ ਤਰ੍ਹਾਂ ਅਸੀਂ ਵੀ ਹਰੇਕ ਨਵੀਂ ਸਿੱਖਿਆ ਬਾਰੇ ਸਚੇਤ ਰਹਿਣਾ ਹੈ, ਫਿਰ ਭਾਵੇਂ ਇਹ ਕਿੰਨੀ ਵੀ ਉਤਸ਼ਾਹਜਨਕ ਕਿਉਂ ਨਾ ਹੋਵੇ। ਇਹ ਪਰਮੇਸ਼ਰ ਦੇ ਪ੍ਰਕਾਸ਼ਨ ਦੀ ਬਜਾਇ ਮਨੁੱਖੀ ਦਿਮਾਗ ਦੀ ਕਾਢ ਹੋ ਸਕਦੀ ਹੈ।

ਦੂਜਾ, ਅਸੀਂ ਸਿੱਖਿਆ ਦੀ ਜਾਂਚ ਕਰੀਏ। ਕੀ ਇਹ ਉਸ ਦੇ ਨਾਲ ਸਹਿਮਤ ਹੁੰਦੀ ਹੈ ਜੋ ਪ੍ਰਭੂ ਯਿਸੂ ਨੇ ਅਤੇ ਉਸ ਦੇ ਪ੍ਰੇਰਿਤ ਉਪਦੇਸ਼ਕਾਂ ਨੇ ਸਿਖਾਇਆ ਹੈ? ਜੇਕਰ ਇਹ ਨਵੇਂ ਨੇਮ ਦੀ ਸਿੱਖਿਆ ਦੇ ਨਾਲ ਸਹਿਮਤ ਨਹੀਂ ਹੁੰਦੀ, ਤਾਂ ਅਸੀਂ ਸਿਆਣ ਸਕਦੇ ਹਾਂ ਕਿ ਇਹ ਸੱਚ ਨਹੀਂ ਹੈ। ਹੋ ਸਕਦਾ ਹੈ ਕਿ ਸਾਨੂੰ ਗਲਤ ਸਿੱਖਿਆ ਨੂੰ ਸਮਝਣ ਵਿੱਚ ਔਖਿਆਈ ਹੋਵੇ; ਪਰ ਜੇਕਰ ਅਸੀਂ ਸੱਚਿਆਈ ਨੂੰ ਜਾਣਦੇ ਹਾਂ ਅਤੇ ਨਵੀਂ ਸਿੱਖਿਆ ਇਸ ਦੇ ਉਲਟ ਜਾਪਦੀ ਹੈ, ਤਾਂ ਇਹ ਨਿਸ਼ਚਿਤ ਤੌਰ 'ਤੇ ਗਲਤ ਹੈ।

ਥੱਸਲੁਨੀਕੀ ਲੋਕ ਚਿੰਤਤ ਅਤੇ ਪਰੇਸ਼ਾਨ ਸਨ, ਪਰ ਉਨ੍ਹਾਂ ਨੂੰ ਚੇਤੇ ਕਰਾਇਆ ਗਿਆ ਸੀ ਕਿ ਯਿਸੂ ਦੀ ਵਾਪਸੀ ਬਾਰੇ ਸਾਰੀ ਸੱਚਾਈ ਨੂੰ ਉਹ ਪਹਿਲਾਂ ਤੋਂ ਹੀ ਜਾਣਦੇ ਹਨ (2 ਥੱਸਲੁਨੀਕੀਆਂ 2:5)। ਜੇਕਰ ਉਹ ਉਸ ਸੱਚਾਈ ਨੂੰ ਜਾਣਦੇ ਸਨ, ਜਿਹੜੀ ਉਨ੍ਹਾਂ ਨੂੰ ਦਿੱਤੀ ਜਾ ਚੁੱਕੀ ਸੀ, ਤਾਂ ਉਹ ਨਵੀਂ ਭੁੱਲ ਜਾਂ ਗਲਤ ਸਿੱਖਿਆ ਨੂੰ ਸਿਆਣ ਸਕਦੇ ਸਨ। ਉਨ੍ਹਾਂ ਨੂੰ ਇਹ ਨਹੀਂ ਦੱਸਿਆ ਗਿਆ ਸੀ ਕਿ ਇਹ ਗਲਤ ਸਿੱਖਿਆ ਕਿਸ ਵੇਲੇ ਉੱਠੇਗੀ ਜਾਂ ਇਸ ਨੂੰ ਕੌਣ ਲੈ ਕੇ ਆਵੇਗਾ, ਪਰ ਉਹ ਇਹ ਜਾਣ ਸਕਦੇ ਸਨ ਕਿ ਇਹ ਗਲਤ ਹੈ ਅਤੇ ਇਸ ਨੂੰ ਸਿਖਾਉਣ ਵਾਲਾ ਉਪਦੇਸ਼ਕ ਆਪ ਪਰਮੇਸ਼ਰ ਦੇ ਵਿਰੁੱਧ ਖੜ੍ਹਾ ਹੈ।

ਜਿਹੜੇ ਲੋਕ ਪਰਮੇਸ਼ਰ ਦੀ ਸੱਚਾਈ ਦਾ ਵਿਰੋਧ ਕਰਦੇ ਹਨ, ਉਹ ਆਪ ਪਰਮੇਸ਼ਰ ਦਾ ਵਿਰੋਧ ਕਰਦੇ ਹਨ। ਉਹ ਧਾਰਮਿਕ ਮਸਲਿਆਂ ਵਿੱਚ ਆਪਣੇ ਆਪ ਨੂੰ ਇਖਤਿਆਰ ਬਣਾ ਲੈਂਦੇ ਹਨ ਅਤੇ ਲੋਕਾਂ ਦੇ ਮਨਾਂ ਵਿੱਚੋਂ ਪਰਮੇਸ਼ਰ ਨੂੰ ਕੱਢ ਕੇ ਆਪ ਬੈਠਣਾ ਚਾਹੁੰਦੇ ਹਨ। ਉਨ੍ਹਾਂ ਨੂੰ ਪਰਮੇਸ਼ਰ ਦੇ ਵਿਰੋਧੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ, ਪਰ ਇਹ ਤਦ ਹੀ ਸੰਭਵ ਹੈ, ਜਦ ਪਰਮੇਸ਼ਰ ਦੇ ਲੋਕ ਸੱਚਾਈ ਨੂੰ ਜਾਣਦੇ ਹੋਣਗੇ।

ਸੱਚਾਈ ਦਾ ਅਧਿਐਨ ਕਰਨਾ, ਸੱਚਾਈ ਨੂੰ ਸਿੱਖਣਾ ਅਤੇ ਸੱਚਾਈ ਨੂੰ ਫੜੀ ਰੱਖਣਾ ਗਲਤ ਸਿੱਖਿਆ ਦੇ ਵਿਰੁੱਧ ਸਭ ਤੋਂ ਵਧੀਆ ਸੁਰੱਖਿਆ ਹੈ! ਅਗਿਆਨਤਾ, ਬਾਈਬਲ ਦੀ ਅਣਦੇਖੀ ਅਤੇ ਪਰਮੇਸ਼ਰ ਦੇ ਵਚਨ ਦੇ ਪ੍ਰਤੀ ਲਾਪਰਵਾਹੀ ਗਲਤ ਸਿੱਖਿਆ ਲਈ ਖੁਲ੍ਹੇ ਦਰਵਾਜ਼ੇ ਹਨ। ਜ਼ਰੂਰੀ ਹੈ ਕਿ ਅਸੀਂ ਸੱਚਾਈ ਨੂੰ ਜਾਣੀਏ। ਕੇਵਲ ਸੱਚਾਈ ਹੀ ਸਾਨੂੰ ਅਜ਼ਾਦ ਕਰ ਸਕਦੀ ਹੈ (ਯੂਹੰਨਾ 8:32)।

*ਸੱਚੀ ਸਿੱਖਿਆ ਨੂੰ ਬਾਰ-ਬਾਰ ਸਿਖਾਓ* (2:6–9)। ਸੱਚਾਈ ਹਮੇਸ਼ਾ ਸੱਚ ਹੁੰਦੀ ਹੈ, ਪਰ ਇਸ ਨੂੰ ਭੁਲਾਇਆ ਜਾ ਸਕਦਾ ਹੈ, ਖਾਸਤੌਰ 'ਤੇ ਤਣਾਓ ਭਰੇ ਸਮਿਆਂ ਦੇ ਦੌਰਾਨ। ਨਿਹਚਾ ਦੇ ਬੁਨਿਆਦੀ ਤੱਥਾਂ ਨੂੰ ਬਾਰ-ਬਾਰ ਸਿਖਾਇਆ ਜਾਣਾ ਚਾਹੀਦਾ ਹੈ, ਤਾਂ ਜੋ ਔਖੇ ਵੇਲੇ ਸਾਨੂੰ ਤਸੱਲੀ ਅਤੇ ਸ਼ਾਂਤੀ ਮਿਲ ਸਕੇ। ਜੇਕਰ ਅਸੀਂ ਲਗਾਤਾਰ ਬੁਨਿਆਦੀ ਸਿੱਖਿਆਵਾਂ ਦੇਣ ਵਿੱਚ ਅਸਫਲ ਰਹਿੰਦੇ ਹਾਂ, ਤਾਂ ਸਾਡੀ ਨਿਹਚਾ ਦੀ ਬੁਨਿਆਦ ਅਸੁਰੱਖਿਅਤ ਜਾਪ ਸਕਦੀ ਹੈ।

ਬਾਈਬਲ ਦੇ ਚੰਗੇ ਉਪਦੇਸ਼ਕ ਇਹ ਨਿਸ਼ਚਿਤ ਕਰਦੇ ਹਨ ਕਿ ਸੱਚਾਈ ਨੂੰ ਬਾਰ-ਬਾਰ ਸਿਖਾਇਆ ਜਾਵੇ। "ਓਹੋ ਗੱਲਾਂ ਤੁਹਾਨੂੰ ਮੁੜ ਮੁੜ ਲਿਖਣ ਤੋਂ ਮੈਂ ਤਾਂ ਨਹੀਂ ਅੱਕਦਾ ਅਤੇ ਇਹ ਤੁਹਾਡੇ ਲਈ ਬਚਾਓ ਦਾ ਕਾਰਨ ਹੈ" (ਫ਼ਿਲਿੱਪੀਆਂ 3:1)। ਹਰੇਕ ਸਿੱਖਿਆ ਪ੍ਰੋਗਰਾਮ ਵਿੱਚ ਗੱਲਾਂ ਲਗਾਤਾਰ ਦੁਹਰਾਈਆਂ ਜਾਣੀਆਂ ਚਾਹੀਦੀਆਂ ਹਨ। ਜੇਕਰ ਅਸੀਂ ਸੋਚਦੇ ਹਾਂ ਕਿ ਕੇਵਲ ਨਵੀਂ ਅਤੇ ਵੱਖਰੀ ਸਿੱਖਿਆ ਹੀ ਚੰਗੀ ਹੁੰਦੀ ਹੈ, ਤਾਂ ਅਸੀਂ ਯਿਸੂ ਅਤੇ ਉਸ ਦਿਆਂ ਰਸੂਲਾਂ ਵੱਲੋਂ ਵਰਤੇ ਗਏ ਬੁਨਿਆਦੀ ਤਰੀਕੇ ਨੂੰ ਭੁਲਾ ਬੈਠੇ ਹਾਂ—ਆਤਮਾਵਾਂ ਦੀ ਸੁਰੱਖਿਆ ਲਈ ਸੱਚਾਈ ਨੂੰ ਬਾਰ-ਬਾਰ ਦੁਹਰਾਉਣਾ।

ਥੱਸਲੁਨੀਕੀਆਂ ਦੇ ਪੱਤਰਾਂ ਵਿੱਚ ਇਸ ਤਰੀਕੇ ਦੀ ਵਰਤੋਂ ਕੀਤੀ ਗਈ ਹੈ। ਇੱਕ ਦਰਜਨ ਤੋਂ ਵਧ ਵਾਰ ਪੌਲੁਸ ਨੇ ਉਹ ਲਿਖਿਆ ਜੋ ਪਹਿਲਾਂ ਸਿਖਾਇਆ ਜਾ ਚੁੱਕਾ ਸੀ। ਇਸ ਸੱਚਾਈ ਨੂੰ ਚੰਗੀ ਤਰ੍ਹਾਂ ਸਿੱਖਿਆ ਜਾਣਾ ਲਾਜ਼ਮੀ ਸੀ ਤਾਂ ਜੋ ਉਨ੍ਹਾਂ ਦੇ ਬਾਕੀ ਦੇ ਜੀਵਨਭਰ ਇਹ ਉਨ੍ਹਾਂ ਦੇ ਲਈ ਲਾਭਕਾਰੀ ਹੋ ਸਕੇ।

ਥੱਸਲੁਨੀਕੀਆਂ ਨੂੰ ਆਉਣ ਵਾਲੇ ਵਿਸ਼ਵਾਸ-ਤਿਆਗ ਬਾਰੇ ਚਿਤਾਉਣੀ ਦਿੱਤੀ ਜਾ ਚੁੱਕੀ ਸੀ। ਉਨ੍ਹਾਂ ਨੂੰ ਇਹ ਪ੍ਰਕਾਸ਼ਨ ਦਿੱਤਾ ਜਾ ਚੁੱਕਾ ਸੀ ਕੋਈ ਆ ਕੇ ਪਰਮੇਸ਼ਰ ਨੂੰ ਚੁਣੌਤੀ ਦੇਵੇਗਾ। ਉਹ ਇਹ ਵੀ ਜਾਣਦੇ ਸਨ ਕਿ ਇਹ ਯਿਸੂ ਦੀ ਵਾਪਸੀ ਤੋਂ ਪਹਿਲਾਂ ਹੋਵੇਗਾ। ਕਿਉਂ ਜੋ ਇਹ ਅਜੇ ਤੱਕ ਨਹੀਂ ਹੋਇਆ ਸੀ, ਇਸ ਕਰਕੇ ਉਹ ਸਿਆਣ ਸਕਦੇ ਸਨ ਕਿ ਇਹ ਖਬਰਾਂ, ਕਿ ਯਿਸੂ ਵਾਪਸ ਆ ਚੁੱਕਾ ਹੈ, ਗਲਤ ਹਨ। ਅਜਿਹੀਆਂ ਖਬਰਾਂ ਦੇ ਕਾਰਨ ਉਨ੍ਹਾਂ ਨੂੰ ਪਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ ਸੀ, ਪਰ ਉਨ੍ਹਾਂ ਨੂੰ ਪਰਮੇਸ਼ਰ ਦੇ ਮਨ ਦੇ ਅਨੁਸਾਰ ਸਹੀ ਸਿੱਖਿਆ ਬਾਰੇ ਚੇਤੇ ਕਰਾਇਆ ਜਾਣਾ ਜ਼ਰੂਰੀ ਸੀ।

*ਸੱਚੀ ਸਿੱਖਿਆ 'ਤੇ ਵਿਸ਼ਵਾਸ ਕਰੋ* (2:10–12)। ਕਦੇ-ਕਦੇ ਜਦ ਲੋਕ ਗਲਤ ਸਿੱਖਿਆ ਨੂੰ ਸਵੀਕਾਰ ਕਰ ਲੈਂਦੇ ਹਨ ਤਾਂ ਅਸੀਂ ਹੈਰਾਨ ਹੋ ਜਾਂਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਸਿੱਖਿਆ ਗਲਤ ਹੈ ਇਸ ਕਰਕੇ ਲੋਕ ਇਸ ਨੂੰ ਰੱਦ ਦੇਣਗੇ। ਪਰ ਅਕਸਰ ਲੋਕ ਸੱਚਾਈ ਨੂੰ ਰੱਦ ਦਿੰਦੇ ਹਨ ਅਤੇ ਗਲਤ ਸਿੱਖਿਆ ਨੂੰ ਸਵੀਕਾਰ ਕਰ ਲੈਂਦੇ ਹਨ। ਉਹ ਅਜਿਹਾ ਕਿਵੇਂ ਕਰ ਸਕਦੇ ਹਨ?

ਇਸ ਦਾ ਉੱਤਰ ਹੈ ਰਵੱਈਆ। ਗਲਤ ਸਿੱਖਿਆ ਵਿੱਚ ਖਿੱਚ ਹੋ ਸਕਦੀ ਹੈ। ਇਹ ਖਿੱਚ ਹੈ, ਬਿਹਤਰ ਗਿਆਨ ਹੋਣ ਦੇ ਕਾਰਨ ਮਿਲਣ ਵਾਲੀ ਇੱਜ਼ਤ ਜਾਂ ਰੁਤਬਾ। ਇੱਕ ਹੋਰ ਖਿੱਚ ਹੈ, ਨਵੀਆਂ ਸਿੱਖਿਆਵਾਂ ਬਾਰੇ ਉਤਸ਼ਾਹ। ਕਦੇ-ਕਦੇ ਗਲਤ ਸਿੱਖਿਆ ਕਿਸੇ ਵਿਅਕਤੀ ਨੂੰ ਪ੍ਰਸਿੱਧ ਬਣਾ ਸਕਦੀ ਹੈ, ਕਿਉਂਕਿ ਗਲਤ ਸਿੱਖਿਆ ਨੂੰ ਜ਼ਿਆਦਾ ਲੋਕ ਤੇਜੀ ਨਾਲ ਸਵੀਕਾਰ ਕਰਦੇ ਹਨ। ਕਿਉਂ ਜੋ ਅਸੀਂ ਡਰਦੇ ਹਾਂ ਕਿ ਕਿਤੇ ਲੋਕ ਸਾਨੂੰ ਰੱਦ ਨਾ ਦੇਣ, ਇਸ ਕਰਕੇ ਸੱਚਾਈ ਨੂੰ ਸਵੀਕਾਰ ਕਰਕੇ ਲੋਕਾਂ ਵੱਲੋਂ ਰੱਦੇ ਜਾਣ ਦੀ ਬਜਾਇ ਗਲਤ ਲੋਕਾਂ ਦੇ ਨਾਲ ਰਲ਼ ਜਾਣਾ ਸਾਨੂੰ ਵਧੇਰੇ ਆਰਾਮਦਾਈ ਲੱਗਦਾ ਹੈ। ਕਦੇ-ਕਦੇ ਲੋਕ ਗਲਤ ਸਿੱਖਿਆ ਨੂੰ ਇਸ ਕਰਕੇ ਸਵੀਕਾਰ ਕਰ ਲੈਂਦੇ ਹਨ ਕਿਉਂਕਿ ਉਹ ਆਪਣੀਆਂ ਧਾਰਨਾਵਾਂ ਦੇ ਨਤੀਜੇ ਨਹੀਂ ਵੇਖ ਪਾਉਂਦੇ। ਉਹ ਇਹ

ਨਹੀਂ ਵੇਖ ਪਾਉਂਦੇ ਕਿ ਗਲਤ ਸਿੱਖਿਆ ਪਰਮੇਸ਼ਰ ਦੇ ਵਚਨ ਦੇ ਵਿਰੁੱਧ ਹੁੰਦੀ ਹੈ ਅਤੇ ਆਤਮਾਵਾਂ ਨੂੰ ਬਰਬਾਦ ਕਰ ਦਿੰਦੀ ਹੈ।

ਸੱਚਾਈ ਦੇ ਲਈ ਪ੍ਰੇਮ ਦੀ ਘਾਟ ਹਮੇਸ਼ਾ ਗਲਤ ਸਿੱਖਿਆ ਦੇ ਪਿੱਛੇ ਇੱਕ ਵੱਡਾ ਕਾਰਨ ਹੁੰਦੀ ਹੈ। ਗਲਤ ਸਿੱਖਿਆ ਨੂੰ ਸਵੀਕਾਰ ਕਰ ਲੈਣ ਵਾਲਿਆਂ ਲੋਕਾਂ ਦੇ ਲਈ ਸੱਚਾਈ ਦੇ ਲਈ ਪ੍ਰੇਮ ਮਾਇਨੇ ਨਹੀਂ ਰੱਖਦਾ; ਉਨ੍ਹਾਂ ਨੂੰ ਗਲਤ ਸਿੱਖਿਆ ਵਧੇਰੇ ਦਿਲ-ਖਿੱਚਵੀਂ ਜਾਪਦੀ ਹੈ। ਉਨ੍ਹਾਂ ਦੇ ਲਈ ਗਲਤ ਸਿੱਖਿਆ ਤੋਂ ਮਿਲਣ ਵਾਲੀ ਇੱਜ਼ਤ, ਲੋਕਪ੍ਰਿਯਤਾ ਅਤੇ ਸਵੀਕਰਤੀ ਸੱਚਾਈ ਨਾਲੋਂ ਵਧੇਰੇ ਮਹੱਤਵਪੂਰਨ ਹੁੰਦੀ ਹੈ। ਸੱਚਾਈ ਦੇ ਲਈ ਪ੍ਰੇਮ ਦੀ ਘਾਟ ਦੇ ਨਤੀਜੇ ਵਜੋਂ ਆਤਮਾਵਾਂ ਨਾਸ ਹੋ ਜਾਂਦੀਆਂ ਹਨ। TP

### ਪਰਮੇਸ਼ਰ ਦੇ ਸੱਚ ਦਾ ਮੁੱਲ (2:13–3:5)

ਲਾਜ਼ਮੀ ਹੈ ਕਿ ਉਪਦੇਸ਼ਕ ਪਵਿੱਤਰ ਸ਼ਾਸਤਰ ਦੇ ਬੁਨਿਆਦੀ ਤੱਥਾਂ ਨੂੰ ਜਾਣਨ ਅਤੇ ਸਿਖਾਉਣ। ਸਰੋਤੇ ਆਪਣੇ ਨਿੱਜੀ ਵਿਸ਼ਵਾਸ ਦੇ ਅਧਾਰ ਵਜੋਂ ਇਨ੍ਹਾਂ ਸੱਚਾਈਆਂ ਨੂੰ ਸੁਣਨ ਅਤੇ ਇਸ ਨੂੰ ਇੱਕ ਅਸੀਸ ਵਜੋਂ ਸਵੀਕਾਰ ਕਰਨ।

1 ਅਤੇ 2 ਤਿਮੋਥਿਉਸ ਅਤੇ ਤੀਤੁਸ—ਤਿੰਨ ਅਜਿਹੇ ਪੱਤਰ ਜਿਹੜੇ ਵਿਸ਼ੇਸ਼ ਤੌਰ ’ਤੇ ਪ੍ਰਚਾਰਕਾਂ ਨੂੰ ਲਿਖੇ ਗਏ ਸਨ—ਵਿੱਚ ਗਿਆਰਾਂ ਵਾਰ ਸਾਨੂੰ ਇਹ ਸ਼ਬਦ ਮਿਲਦੇ ਹਨ, ਜਿਵੇਂ ਕਿ “ਖਰੀ ਸਿੱਖਿਆ” (1 ਤਿਮੋਥਿਉਸ 1:10), “ਚੰਗੀ ਸਿੱਖਿਆ” (1 ਤਿਮੋਥਿਉਸ 4:6; 2 ਤਿਮੋਥਿਉਸ 4:3; ਤੀਤੁਸ 1:9; 2:1), “ਸਿੱਖਿਆ ਦੇਣ ਵਿੱਚ ਸੁਚੱਮਤਾਈ” (ਤੀਤੁਸ 2:7), “ਖਰੀਆਂ ਗੱਲਾਂ” (1 ਤਿਮੋਥਿਉਸ 6:3; 2 ਤਿਮੋਥਿਉਸ 1:13), “ਸਾਖੀ ਸਤ” (ਤੀਤੁਸ 1:13; 2:2 ਵੀ ਵੇਖੋ) ਅਤੇ “ਨਿਹਚਾ ਜੋਗ ਬਚਨ” (ਤੀਤੁਸ 1:9)। ਸਾਨੂੰ ਸਾਰਿਆਂ ਨੂੰ ਪਰਮੇਸ਼ਰ ਦੇ ਵਚਨ ਦੇ ਬੁਨਿਆਦੀ ਤੱਥ ਪਤਾ ਹੋਣੇ ਚਾਹੀਦੇ ਹਨ, ਤਾਂ ਜੋ ਅਸੀਂ ਪਰਮੇਸ਼ਰ ਦੇ ਵਚਨ ਦੇ ਇਸਤੇਮਾਲ ਲਈ ਪਰਮੇਸ਼ਰ ਵੱਲੋਂ ਤਿਆਰ ਹੋ ਸਕੀਏ।

2 ਥੱਸਲੁਨੀਕੀਆਂ 2:15 ਵਿੱਚ ਪੌਲੁਸ ਨੇ ਥੱਸਲੁਨੀਕੀ ਸੰਤਾਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਪਰਮੇਸ਼ਰ ਦੇ ਵਚਨ ਨਾਲ ਆਪਣਾ ਸੰਬੰਧ ਬਣਾਈ ਰੱਖਣ। ਵਚਨ ਦੀ ਸਿੱਖਿਆ—ਉਨ੍ਹਾਂ ਦੇ ਲਈ ਅਤੇ ਸਾਡੇ ਲਈ—ਐਨੀ ਮਹੱਤਵਪੂਰਨ ਕਿਉਂ ਹੈ? ਪਰਮੇਸ਼ਰ ਦੇ ਵਚਨ ਦੀ ਸੱਚਾਈ ਦਾ ਮੁੱਲ ਕੀ ਹੈ?

*ਪਰਮੇਸ਼ਰ ਸਾਨੂੰ ਬਚਾਉਣ ਲਈ ਸੱਚ ਦੀ ਵਰਤੋਂ ਕਰਦਾ ਹੈ* (2:13, 14)। ਲੋਕਾਂ ਨੂੰ ਸ਼ਤਾਨ ਦੀ ਛਾਉਣੀ ਵਿੱਚ ਗੁਆਚੀਆਂ ਪਈਆਂ ਆਤਮਾਵਾਂ ਤੋਂ ਪਰਮੇਸ਼ਰ ਦੀ ਬਚਾਈ ਗਈ ਸੰਤਾਨ ਕੌਣ ਬਣਾਉਂਦਾ ਹੈ? ਗੁਆਚੀਆਂ ਆਤਮਾਵਾਂ ਨੂੰ ਬਚਾਉਣ ਲਈ ਉਹ ਕੀ ਇਸਤੇਮਾਲ ਕਰਦਾ ਹੈ? ਆਪਣਾ ਵਚਨ।

ਅਸੀਂ ਸਾਰੇ ਇੰਜੀਲ ਰਾਹੀਂ ਬਚਾਏ ਗਏ ਹਾਂ, ਜੋ ਕਿ ਜੀਉਂਦੇ ਵਚਨ, ਯਿਸੂ ਮਸੀਹ ਦਾ ਸੁਨੇਹਾ ਹੈ। ਪਰਮੇਸ਼ਰ ਨੇ ਇੱਕ ਵਿਅਕਤੀ ਦੇ ਰੂਪ ਵਿੱਚ ਸਾਡੇ ਕੋਲ ਇੱਕ ਸੁਨੇਹਾ ਘੱਲਿਆ—ਉਹ ਵਿਅਕਤੀ ਯਿਸੂ ਮਸੀਹ ਹੈ। ਇਸੇ ਕਰਕੇ ਯਿਸੂ ਨੂੰ ਪਰਮੇਸ਼ਰ ਦਾ ਵਚਨ ਆਖਿਆ ਜਾਂਦਾ ਹੈ (ਯੂਹੰਨਾ 1:1)। ਉਹ ਸਾਡੇ ਕੋਲ ਆਇਆ ਪਰਮੇਸ਼ਰ ਦਾ ਸੁਨੇਹਾ ਹੈ। ਪਰਮੇਸ਼ਰ ਇੰਜੀਲ ਦੇ ਰਾਹੀਂ ਸਾਨੂੰ ਮਹਿਮਾ ਵਿੱਚ ਬੁਲਾਉਂਦਾ ਹੈ (2 ਥੱਸਲੁਨੀਕੀਆਂ 2:14)। ਪਰਮੇਸ਼ਰ ਵੱਲੋਂ ਸੱਦੇ ਜਾਣ ਦਾ ਹੋਰ ਕੋਈ ਰਾਹ ਨਹੀਂ ਹੈ। ਇਸੇ ਕਰਕੇ ਰਸੂਲਾਂ ਨੂੰ ਨਿਰਦੇਸ਼ ਦਿੱਤੇ ਗਏ ਸਨ ਕਿ ਉਹ “ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪਰਚਾਰ” ਕਰਨ (ਮਰਕੁਸ 16:15)।

ਪਰਮੇਸ਼ਰ ਨੂੰ ਪ੍ਰਤੀਉੱਤਰ ਦੇਣ ਅਤੇ ਉਸ ਦੀਆਂ ਆਤਮਕ ਬਰਕਤਾਂ ਵਿੱਚ ਸਾਂਝੀ ਹੋਣ ਦਾ ਹੋਰ ਕੋਈ ਰਾਹ ਨਹੀਂ ਹੈ।

ਅਸੀਂ ਪਰਮੇਸ਼ਰ ਦੇ ਵਚਨ ਦੁਆਰਾ ਸੱਦੇ ਗਏ ਸਾਂ: ਅਸੀਂ ਉਸੇ ਵਚਨ ਦੁਆਰਾ ਬਚਾਏ ਅਤੇ ਪਵਿੱਤਰ ਵੀ ਕੀਤੇ ਜਾਂਦੇ ਹਾਂ। "ਪਰਮੇਸ਼ਰ ਨੇ ਆਦ ਤੋਂ ਹੀ ਤੁਹਾਨੂੰ ਚੁਣ ਲਿਆ ਭਈ ਤੁਹਾਨੂੰ ਆਤਮਾ ਤੋਂ ਪਵਿੱਤਰ ਹੋਣ ਨਾਲ ਅਤੇ ਸੱਚ ਨੂੰ ਮੰਨਣ ਨਾਲ ਮੁਕਤੀ ਹੱਥ ਆਵੇ" (2:13)। ਅਸੀਂ ਪਰਮੇਸ਼ਰ ਦੇ ਆਤਮਾ ਦੁਆਰਾ ਉਸ ਵੇਲੇ ਪਵਿੱਤਰ ਕੀਤੇ ਜਾਂਦੇ ਅਰਥਾਤ ਸ਼ੁੱਧ ਕੀਤੇ ਜਾਂਦੇ ਹਾਂ, ਜਿਸ ਵੇਲੇ ਅਸੀਂ ਸੱਚ 'ਤੇ ਵਿਸ਼ਵਾਸ ਕਰਕੇ ਯਿਸੂ ਵਿੱਚ ਬਪਤਿਸਮਾ ਲੈਂਦੇ ਹਾਂ। ਪਰਮੇਸ਼ਰ ਉਦੋਂ ਸਾਨੂੰ ਆਪਣੇ ਆਤਮਾ ਰਾਹੀਂ ਬਚਾਉਂਦਾ ਹੈ ਜਦੋਂ ਅਸੀਂ ਬਪਤਿਸਮਾ ਲੈਣ ਦੇ ਉਸ ਦੇ ਹੁਕਮ ਦੀ ਪਾਲਣਾ ਕਰਦੇ ਹਾਂ। ਹਨਾਨਿਯਾਹ ਨੇ ਸੌਲੁਸ/ਪੌਲੁਸ ਨੂੰ ਆਖਿਆ, "ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ" (ਰਸੂਲਾਂ ਦੇ ਕਰਤੱਬ 22:16)। ਬਪਤਿਸਮਾ ਵੇਲੇ ਅਸੀਂ ਪਾਪ ਤੋਂ ਸ਼ੁੱਧ ਹੋ ਜਾਂਦੇ ਹਾਂ ਅਤੇ ਪਰਮੇਸ਼ਰ ਦੇ ਨਾਲ ਇੱਕ ਹੋ ਜਾਂਦੇ ਹਾਂ।

ਇਸ ਤਰ੍ਹਾਂ ਮੁਕਤੀ ਨੂੰ ਦੋ ਸੱਦਿਆਂ ਵਜੋਂ ਵੇਖਿਆ ਜਾ ਸਕਦਾ ਹੈ: ਪਰਮੇਸ਼ਰ ਵੱਲੋਂ ਸਾਡਾ ਸੱਦਾ ਅਤੇ ਸਾਡੇ ਵੱਲੋਂ ਪਰਮੇਸ਼ਰ ਦਾ ਸੱਦਾ। ਪਹਿਲਾ ਸੱਦਾ ਉਦੋਂ ਹੁੰਦਾ ਹੈ ਜਦੋਂ ਪਰਮੇਸ਼ਰ ਆਪਣੇ ਵਚਨ ਦੀ ਵਰਤੋਂ ਕਰਕੇ ਸਾਨੂੰ ਆਪਣੇ ਕੋਲ ਸੱਦਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਸਾਨੂੰ ਇੰਜੀਲ ਸਿਖਾਈ ਜਾਂਦੀ ਹੈ। ਦੂਜਾ ਸੱਦਾ ਉਦੋਂ ਹੁੰਦਾ ਹੈ ਜਦੋਂ ਅਸੀਂ ਇੰਜੀਲ ਦਾ ਜਵਾਬ ਦਿੰਦੇ ਹਾਂ। ਜਦ ਸਾਨੂੰ ਵਚਨ ਸਿਖਾਇਆ ਜਾਂਦਾ ਹੈ ਅਤੇ ਅਸੀਂ ਸਿਆਣ ਜਾਂਦੇ ਹਾਂ ਕਿ ਸਾਨੂੰ ਮੁਕਤੀ ਦੀ ਲੋੜ ਹੈ, ਅਸੀਂ ਉਸ ਵਚਨ ਵਿੱਚ ਆਪਣਾ ਭਰੋਸਾ ਅਰਥਾਤ ਵਿਸ਼ਵਾਸ ਰੱਖ ਕੇ ਪਰਮੇਸ਼ਰ ਨੂੰ ਸੱਦਦੇ ਹਾਂ ਕਿ ਉਹ ਸਾਨੂੰ ਬਚਾਵੇ, ਜੋ ਉਨ੍ਹਾਂ ਲੋਕਾਂ ਨੂੰ ਮੁਕਤੀ ਦੇਣ ਦੀ ਪ੍ਰਤਿੱਗਿਆ ਕਰਦਾ ਹੈ, ਜਿਹੜੇ ਲੋਕ ਤੋਬਾ ਕਰਨ ਅਤੇ ਬਪਤਿਸਮਾ ਲੈਣ ਦੁਆਰਾ ਸੁਨੇਹੇ ਦੀ ਆਗਿਆਕਾਰੀ ਕਰਦੇ ਹਨ।

ਪਰਮੇਸ਼ਰ ਦੀ ਸਿੱਖਿਆ ਦੇ ਪ੍ਰਤੀ ਸਾਡੀ ਆਗਿਆਕਾਰੀ ਉਹ ਜ਼ਰੀਆ ਹੈ, ਜਿਸ ਦੇ ਰਾਹੀਂ ਅਸੀਂ ਪਰਮੇਸ਼ਰ ਦੀ ਮੁਕਤੀ ਨੂੰ ਸਵੀਕਾਰ ਕਰਦੇ ਹਾਂ। "ਪਰ ਧੰਨਵਾਦ ਹੈ ਪਰਮੇਸ਼ਰ ਦਾ ਕਿ ਭਾਵੇਂ ਤੁਸੀਂ ਪਾਪ ਦੇ ਦਾਸ ਸਾਓ ਪਰ ਜਿਸ ਸਿੱਖਿਆ ਦੇ ਸੰਚੇ ਵਿੱਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ" (ਰੋਮੀਆਂ 6:17, 18)।

*ਪਰਮੇਸ਼ਰ ਸਾਨੂੰ ਦ੍ਰਿੜ੍ਹ ਰੱਖਣ ਲਈ ਸੱਚ ਦੀ ਵਰਤੋਂ ਕਰਦਾ ਹੈ* (2:15)। ਇੱਕ ਵਾਰੀ ਜਦ ਅਸੀਂ ਮੁਕਤੀ ਪ੍ਰਾਪਤ ਕਰ ਲੈਂਦੇ ਹਾਂ, ਫਿਰ ਪਰਮੇਸ਼ਰ ਆਪਣੇ ਵਚਨ ਦੀ ਵਰਤੋਂ ਕਰਕੇ ਸਾਨੂੰ ਉਤਸ਼ਾਹ ਦਿੰਦਾ ਹੈ ਅਤੇ ਸਾਨੂੰ ਦ੍ਰਿੜ੍ਹ ਕਰਦਾ ਹੈ। ਇਹ ਵਧਣ, ਵਿਕਸਿਤ ਹੋਣ ਅਤੇ ਆਪਣੇ ਜੀਵਨ ਵਿੱਚ ਫਲ ਲਿਆਉਣ ਵਿੱਚ ਮਦਦ ਕਰਦਾ ਹੈ।

ਇਹ ਕਿਵੇਂ ਹੁੰਦਾ ਹੈ? ਇਸ ਦਾ ਉੱਤਰ 2:15 ਵਿੱਚ ਹੈ: "ਸੋ ਇਸ ਕਾਰਨ ਹੇ ਭਰਾਵੋ, ਕਾਇਮ ਰਹੋ ਅਤੇ ਉਨ੍ਹਾਂ ਰਵਾਇਤਾਂ ਨੂੰ ਜਿਹੜੀਆਂ ਤੁਸਾਂ ਭਾਵੇਂ ਜ਼ਬਾਨੀ ਭਾਵੇਂ ਸਾਡੀ ਪੱਤ੍ਰੀ ਤੋਂ ਸਿੱਖੀਆਂ ਫੜੀ ਰੱਖੋ।" ਇਹ "ਰਵਾਇਤਾਂ" ਮਨੁੱਖੀ ਵਿਚਾਰ ਨਹੀਂ ਸਨ; ਇਹ ਪ੍ਰੇਰਨਾ ਦੁਆਰਾ ਲਿਖੇ ਗਏ ਨਿਰਦੇਸ਼ ਸਨ।

ਮਸੀਹੀਆਂ ਨੂੰ ਆਪਣੇ ਵਾਧੇ ਅਤੇ ਬਲ ਦੇ ਲਈ ਪਰਮੇਸ਼ਰ ਦੀ ਸਿੱਖਿਆ ਦੀ ਲੋੜ ਹੈ। ਇਹ ਸਿੱਖਿਆ ਦਿੱਤੀ ਜਾ ਚੁੱਕੀ ਹੈ; ਪਰ ਕੁਝ ਲੋਕਾਂ ਲਈ ਪਰਮੇਸ਼ਰ ਦੇ ਵਚਨ ਵਿੱਚ ਦਿੱਤਾ

ਗਿਆ ਸੱਚ ਕਾਫੀ ਨਹੀਂ ਹੁੰਦਾ। ਉਹ ਨਵੀਂ ਅਤੇ ਵੱਖਰੀ ਜਾਣਕਾਰੀ ਚਾਹੁੰਦੇ ਹਨ; ਉਨ੍ਹਾਂ ਨੂੰ ਉਸ ਤੋਂ ਤਸੱਲੀ ਨਹੀਂ ਮਿਲਦੀ ਜੋ ਪਰਮੇਸ਼ਰ ਦੇ ਚੁੱਕਾ ਹੈ। ਨਤੀਜੇ ਵਜੋਂ ਉਹ ਪਰਮੇਸ਼ਰ ਦੇ ਵਚਨ ਦੀ ਅਣਦੇਖੀ ਕਰਦੇ ਹਨ ਅਤੇ ਉਸ ਦੀ ਥਾਂ ਕਿਸੇ ਹੋਰ ਨੂੰ ਦੇ ਦਿੰਦੇ ਹਨ ਅਤੇ ਪਰਮੇਸ਼ਰ ਦੀ ਸ਼ਕਤੀ ਨੂੰ ਗੁਆ ਬੈਠਦੇ ਹਨ। ਇੱਕ ਵੱਖਰਾ ਸੁਨੇਹਾ ਖਿੱਚਵਾਂ ਅਤੇ ਜੋਸ਼ ਨਾਲ ਭਰਿਆ ਹੋ ਸਕਦਾ ਹੈ; ਪਰ ਇਹ ਸਮਰੱਥਾਹੀਣ ਹੁੰਦਾ ਹੈ, ਕਿਉਂਕਿ ਇਹ ਪਰਮੇਸ਼ਰ ਦਾ ਵਚਨ ਨਹੀਂ ਹੈ। ਸ਼ਕਤੀ ਕੇਵਲ ਪਰਮੇਸ਼ਰ ਕੋਲ ਹੀ ਹੈ। ਕੇਵਲ ਪਰਮੇਸ਼ਰ ਹੀ ਆਪਣੇ ਵਚਨ ਦੀ ਵਰਤੋਂ ਕਰਕੇ ਸਾਨੂੰ ਬਚਾ ਸਕਦਾ ਅਤੇ ਸਾਨੂੰ ਦ੍ਰਿੜ੍ਹ ਕਰ ਸਕਦਾ ਹੈ!

ਮਸੀਹੀਆਂ ਨੂੰ ਆਪਣੇ ਵਾਧੇ, ਆਪਣੀ ਖੁਰਾਕ ਅਤੇ ਫਲਵੰਤ ਹੋਣ ਲਈ ਪਰਮੇਸ਼ਰ ਦੇ ਵਚਨ ਦੀ ਲੋੜ ਪੈਂਦੀ ਹੈ। ਲੂਕਾ 8 ਵਿੱਚ ਯਿਸੂ ਵੱਲੋਂ ਦਿੱਤੇ ਗਏ ਜਮੀਨ ਦੇ ਦ੍ਰਿਸ਼ਟਾਂਤ ਵਿੱਚ ਜਿਹੜੇ ਲੋਕ ਪੁੰਗਰੇ, ਵਧੇ ਅਤੇ ਫਲਵੰਤ ਹੋਏ, ਉਹ ਲੋਕ ਸਨ ਜਿਹੜੇ ਆਪਣਿਆਂ ਮਨਾਂ ਵਿੱਚ ਪਰਮੇਸ਼ਰ ਦੇ ਵਚਨ ਦਾ ਪੂਰਾ ਲਾਭ ਚੁੱਕਦੇ ਹਨ। ਉਸੇ ਤਰ੍ਹਾਂ ਸਾਡੀ ਅਗਵਾਈ ਲਈ ਵੀ ਸਾਨੂੰ ਪਰਮੇਸ਼ਰ ਦੇ ਵਚਨ ਦੀ ਵਰਤੋਂ ਕਰਨੀ ਪਵੇਗੀ, ਜੇਕਰ ਅਸੀਂ ਉਸ ਤਰ੍ਹਾਂ ਵਧਣਾ ਚਾਹੁੰਦੇ ਹਾਂ ਜਿਵੇਂ ਪਰਮੇਸ਼ਰ ਨੂੰ ਪਸੰਦ ਹੈ।

*ਪਰਮੇਸ਼ਰ ਸਾਨੂੰ ਸ਼ਾਂਤੀ ਦੇਣ ਲਈ ਸੱਚ ਦੀ ਵਰਤੋਂ ਕਰਦਾ ਹੈ* (2:16, 17)। ਪਰਮੇਸ਼ਰ ਦਾ ਵਚਨ ਸਾਨੂੰ ਨਾ ਕੇਵਲ ਉਹ ਕੰਮ ਕਰਨ ਦੀ ਸ਼ਕਤੀ ਦਿੰਦਾ ਹੈ ਜੋ ਪਰਮੇਸ਼ਰ ਚਾਹੁੰਦਾ ਹੈ; ਸਗੋਂ ਇਹ ਸਾਨੂੰ ਸ਼ਾਂਤੀ ਅਤੇ ਆਸਾ ਵੀ ਦਿੰਦਾ ਹੈ। ਪਰਮੇਸ਼ਰ ਆਪਣੇ ਵਚਨ ਰਾਹੀਂ ਸੁਰੱਖਿਆ ਅਤੇ ਭਵਿੱਖ ਦੇ ਕੇ ਸਾਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹੈ। ਨਿਰਾਸ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਪੂਰੀ ਬਾਈਬਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪੌਲੁਸ ਨੇ ਆਖਿਆ, "ਕਿਉਂਕਿ ਜੋ ਕੁਝ ਅੱਗੇ ਲਿਖਿਆ ਗਿਆ [ਪੁਰਾਣਾ ਨੇਮ] ਸੋ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ ਭਈ ਅਸੀਂ ਧੀਰਜ ਤੋਂ ਅਤੇ ਧਰਮ ਪੁਸਤਕ ਦੇ ਦਿਲਾਸੇ ਤੋਂ ਆਸਾ ਰੱਖੀਏ" (ਰੋਮੀਆਂ 15:4)।

ਪਰਮੇਸ਼ਰ ਦੇ ਹਮਦਰਦ, ਕਿਰਪਾਲੂ ਅਤੇ ਸਨੇਹੀ ਸੁਭਾਓ ਨੂੰ ਇਸ ਆਇਤ ਵਿੱਚ "ਦਿਆਲਗੀਆਂ ਦਾ ਪਿਤਾ ਅਤੇ ਸਰਬ ਦਿਲਾਸੇ ਦਾ ਪਰਮੇਸ਼ਰ" (2 ਕੁਰਿੰਥੀਆਂ 1:3) ਵਜੋਂ ਵਿੱਚ ਦਰਸਾਇਆ ਗਿਆ ਹੈ। ਯਿਸੂ ਅਤੇ ਪਰਮੇਸ਼ਰ ਪਿਤਾ ਦੀ ਪ੍ਰੇਮਭਰੀ ਸ਼ਾਂਤੀ ਥੱਸਲੁਨੀਕੀ ਮਸੀਹੀਆਂ ਨੂੰ ਬਿਪਤਾ ਵੇਲੇ ਉਤਸ਼ਾਹਿਤ ਕਰਨ ਲਈ ਇੱਕ ਵੱਡਮੁੱਲਾ ਸਾਧਨ ਸੀ। "ਸਾਡਾ ਪ੍ਰਭੂ ਯਿਸੂ ਮਸੀਹ ਆਪ ਅਤੇ ਸਾਡਾ ਪਿਤਾ ਪਰਮੇਸ਼ਰ" ਹੀ ਹਨ "ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਕਿਰਪਾ ਕਰ ਕੇ ਸਾਨੂੰ ਸਦੀਪਕਾਲ ਦੀ ਤਸੱਲੀ ਅਤੇ ਭਲੀ ਆਸਾ ਦਿੱਤੀ" (2:16)।

*ਪਰਮੇਸ਼ਰ ਸਾਨੂੰ ਸੁਰੱਖਿਅਤ ਰੱਖਣ ਲਈ ਸੱਚ ਦੀ ਵਰਤੋਂ ਕਰਦਾ ਹੈ* (3:1–5)। ਅਸੀਂ ਆਮਤੌਰ 'ਤੇ ਜਾਣਦੇ ਹਾਂ ਕਿ ਕਿਹੜੀਆਂ ਚੀਜ਼ਾਂ ਸਾਡੇ ਮਨੁੱਖੀ ਸਰੀਰ ਨੂੰ ਨੁਕਸਾਨ ਪੁਚਾ ਸਕਦੀਆਂ ਹਨ। ਅਸੀਂ ਸਹੀ ਤਰ੍ਹਾਂ ਦਾ ਭੋਜਨ ਖਾਣ ਦਾ ਜਤਨ ਕਰਦੇ ਹਾਂ, ਸੜਕ 'ਤੇ ਸੁਰੱਖਿਅਤ ਤਰੀਕੇ ਨਾਲ ਯਾਤਰਾ ਕਰਨ ਦਾ ਜਤਨ ਕਰਦੇ ਹਾਂ ਅਤੇ ਆਪਣੇ ਸਰੀਰ ਦੀ ਸੁਰੱਖਿਆ ਲਈ ਕਦਮ ਚੁੱਕਦੇ ਹਾਂ। ਉਵੇਂ ਹੀ ਆਤਮਾਵਾਂ ਨੂੰ ਵੀ ਨੁਕਸਾਨ ਪੁੱਜ ਸਕਦਾ ਹੈ। ਸ਼ਤਾਨ ਆਪਣੀ ਦੁਸ਼ਟਤਾ ਦੀ ਭਰਪੂਰ ਵਰਤੋਂ ਕਰਕੇ ਸਾਡੀਆਂ ਆਤਮਾਵਾਂ ਨੂੰ ਨੁਕਸਾਨ ਪੁਚਾਉਣ ਦਾ ਜਤਨ ਕਰਦਾ ਹੈ। ਉਹ ਆਖਦਾ ਹੈ ਕਿ ਜਿਹੜੇ ਕੰਮ ਸਾਡੇ ਲਈ ਨੁਕਸਾਨਦਾਈ ਹਨ, ਦਰਅਸਲ ਉਹ ਸਾਡੇ ਲਈ ਚੰਗੇ ਹਨ। ਉਹ ਆਖਦਾ ਹੈ ਝੂਠ ਦਰਅਸਲ ਸੱਚ ਹੈ। ਉਹ

ਲੋਕਾਂ, ਵਸਤਾਂ ਅਤੇ ਵਿਚਾਰਾਂ ਉੱਤੇ ਆਪਣਾ ਬੁਰਾ ਅਸਰ ਪਾ ਕੇ ਸਾਡੇ ਨੁਕਸਾਨ ਲਈ ਇਸਤੇਮਾਲ ਕਰ ਸਕਦਾ ਹੈ। ਸਾਡੀਆਂ ਆਤਮਾਵਾਂ ਉੱਤੇ ਹਮਲਾ ਕਰਨ ਲਈ ਸ਼ਤਾਨ ਕਿਸੇ ਵੀ ਵਿਅਕਤੀ ਜਾਂ ਵਸਤੂ ਦੀ ਵਰਤੋਂ ਕਰ ਸਕਦਾ ਹੈ!

ਸਾਡੀਆਂ ਆਤਮਾਵਾਂ ਉੱਤੇ ਹੋਣ ਵਾਲੇ ਉਸ ਦੇ ਹਮਲੇ ਦਾ ਸਾਹਮਣਾ ਕਰਨ ਦੀ ਸ਼ਕਤੀ ਕਿਸ ਦੇ ਕੋਲ ਹੈ? ਕੇਵਲ ਪਰਮੇਸ਼ਰ ਹੀ ਯਿਸੂ ਮਸੀਹ ਦੇ ਰਾਹੀਂ ਸਾਡੀਆਂ ਆਤਮਾਵਾਂ ਨੂੰ ਪਾਪ ਤੋਂ ਬਚਾ ਸਕਦਾ ਹੈ ਅਤੇ ਸਾਡੇ ਜੀਵਨਾਂ ਨੂੰ ਸ਼ਤਾਨ ਦੇ ਜਾਲ ਵਿੱਚ ਦੁਬਾਰਾ ਫਸਣ ਤੋਂ ਬਚਾਉਣ ਲਈ ਸੁਰੱਖਿਅਤ ਰੱਖ ਸਕਦਾ ਹੈ। ਕੇਵਲ ਪਰਮੇਸ਼ਰ ਦਾ ਵਚਨ ਹੀ ਸਾਨੂੰ ਝੂਠ ਤੋਂ ਬਚਾ ਸਕਦਾ ਹੈ ਅਤੇ ਸ਼ਤਾਨ ਤੋਂ ਸੁਰੱਖਿਅਤ ਰੱਖ ਸਕਦਾ ਹੈ। ਕੇਵਲ ਪਰਮੇਸ਼ਰ ਦਾ ਵਚਨ ਹੀ ਸਾਡੇ ਰੋਜਾਨਾ ਦੇ ਜੀਵਨ ਨੂੰ ਸਹੀ ਦਿਸ਼ਾ ਦਿਖਾ ਸਕਦਾ ਹੈ: "ਪ੍ਰਭੂ ਵਫ਼ਾਦਾਰ ਹੈ ਜਿਹੜਾ ਤੁਹਾਨੂੰ ਦ੍ਰਿੜ੍ਹ ਕਰੇਗਾ ਅਤੇ ਦੁਸ਼ਟ ਤੋਂ ਬਚਾਈ ਰੱਖੇਗਾ" (3:3)।

ਕਿਉਂ ਜੋ ਪਰਮੇਸ਼ਰ ਦਾ ਵਚਨ ਸ਼ਤਾਨ ਦੇ ਵਿਰੁੱਧ ਸਾਡੀ ਇੱਕਮਾਤਰ ਸੁਰੱਖਿਆ ਹੈ, ਇਸ ਕਰਕੇ ਜਿੰਨਾ ਸੰਭਵ ਹੋ ਸਕੇ ਉਨਾ ਜ਼ਿਆਦਾ ਸਾਨੂੰ ਲੋਕਾਂ ਵਿੱਚ ਅਤੇ ਲੋਕਾਂ ਦੁਆਰਾ ਪਰਮੇਸ਼ਰ ਦੇ ਵਚਨ ਦਾ ਪ੍ਰਚਾਰ ਕਰਨਾ ਹੈ। ਇਸ ਦੀ ਲੋੜ ਸਭਨਾਂ ਨੂੰ ਹੈ—ਸਾਡੇ ਦੇਸ ਦੇ ਸਭ ਤੋਂ ਧਨੀ ਵਿਅਕਤੀ ਤੋਂ ਲੈ ਕੇ ਸਭ ਤੋਂ ਗਰੀਬ ਵਿਅਕਤੀ ਤੱਕ। ਪੌਲੁਸ ਨੇ ਸਭਨਾਂ ਮਸੀਹੀਆਂ ਨੂੰ ਪ੍ਰਾਰਥਨਾ ਕਰਨ ਲਈ ਆਖਿਆ ਤਾਂ ਜੋ ਪਰਮੇਸ਼ਰ ਦਾ ਵਚਨ ਉਨ੍ਹਾਂ ਦਿਆਂ ਜੀਵਨਾਂ ਵਿੱਚ ਸੁਰੱਖਿਆ ਦਾ ਪ੍ਰਭਾਵ ਲਿਆਏ ਅਤੇ ਸ਼ਤਾਨ ਦੇ ਚੇਲਿਆਂ ਦੇ ਬੁਰੇ ਪ੍ਰਭਾਵ ਤੋਂ ਉਨ੍ਹਾਂ ਨੂੰ ਸੁਰੱਖਿਅਤ ਰੱਖੇ: "ਮੁਕਦੀ ਗੱਲ, ਹੇ ਭਰਾਵੋ, ਸਾਡੇ ਲਈ ਪ੍ਰਾਰਥਨਾ ਕਰੋ ਭਈ ਪ੍ਰਭੂ ਦਾ ਬਚਨ ਫੈਲਰੇ ਅਤੇ ਵਡਿਆਇਆ ਜਾਵੇ ਜਿਵੇਂ ਤੁਹਾਡੇ ਵਿੱਚ ਵੀ ਹੈ ਅਤੇ ਇਹ ਭਈ ਅਸੀਂ ਪੁੱਠੇ ਅਤੇ ਬੁਰੇ ਮਨੁੱਖਾਂ ਤੋਂ ਬਚਾਏ ਜਾਈਏ ਕਿਉਂ ਜੋ ਸਭਨਾਂ ਨੂੰ ਨਿਹਚਾ ਨਹੀਂ ਹੈ" (3:1, 2)।

*ਸਿੱਟਾ।* ਸੱਚ ਹਮੇਸ਼ਾ ਸੱਚ ਰਹਿੰਦਾ ਹੈ, ਪਰ ਪਰਮੇਸ਼ਰ ਦਾ ਸੱਚ ਉਸ ਤੋਂ ਵੀ ਵਧ ਹੈ। ਇਹ ਇੱਕ ਜੀਵਨਸ਼ੈਲੀ ਅਤੇ ਪਾਪ ਤੋਂ ਅਜ਼ਾਦੀ ਹੈ। ਇਹ ਬਚਾਉਣ, ਖੁਆਉਣ ਅਤੇ ਸ਼ਾਂਤੀ ਦੇਣ ਦੀ ਸ਼ਕਤੀ ਹੈ। ਯਿਸੂ ਨੇ ਆਖਿਆ, "ਜੇ ਤੁਸੀਂ ਮੇਰੇ ਬਚਨ ਤੇ ਖਲੋਤੇ ਰਹੋ ਤਾਂ ਠੀਕ ਤੁਸੀਂ ਮੇਰੇ ਚੇਲੇ ਹੋ ਅਰ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ" (ਯੂਹੰਨਾ 8:31, 32)। ਯਿਸੂ ਦੇ ਸੱਚੇ ਚੇਲੇ ਉਸ ਸੱਚ ਦੇ ਮੁੱਲ ਨੂੰ ਸਿਆਣਦੇ ਹਨ, ਜਿਸ ਨੂੰ ਯਿਸੂ ਪਰਗਟ ਕਰਨ ਲਈ ਆਇਆ ਸੀ। ਸਾਨੂੰ ਪਰਮੇਸ਼ਰ ਦੇ ਸੱਚ ਦੀ ਭਾਲ ਕਰਨੀ ਹੈ, ਉਸ 'ਤੇ ਵਿਸ਼ਵਾਸ ਕਰਨਾ ਹੈ ਅਤੇ ਉਸ ਦੇ ਮੁੱਲ ਨੂੰ ਸਿਆਣਨਾ ਹੈ!

ਜਦ ਅਸੀਂ ਪਰਮੇਸ਼ਰ ਦੇ ਵਚਨ ਦਾ ਅਧਿਐਨ ਅਤੇ ਪ੍ਰਚਾਰ ਕਰਦੇ ਹਾਂ, ਤਾਂ ਉਸ ਦੇ ਨਤੀਜੇ ਵਜੋਂ ਲੋਕਾਂ ਨੂੰ ਮਦਦ ਅਤੇ ਪਰਮੇਸ਼ਰ ਨੂੰ ਮਹਿਮਾ ਮਿਲੇਗੀ। ਇਹ "ਹਰੇਕ ਸ਼ੁਭ ਕਰਮ ਅਤੇ ਬਚਨ" (2:17) ਦਾ ਫਲ ਪੈਦਾ ਕਰੇਗਾ।

ਪਰਮੇਸ਼ਰ ਦੇ ਵਚਨ ਨਾਲ ਭਰੇ ਹਿਰਦੇ ਭਗਤੀ ਨਾਲ ਭਰੇ ਹਿਰਦੇ ਹੋਣਗੇ। ਉਹ ਪਰਮੇਸ਼ਰ ਦੇ ਹਿਰਦੇ ਅਤੇ ਮਸੀਹ ਦੇ ਹਿਰਦੇ ਵਰਗੇ ਹੋ ਜਾਣਗੇ। ਉਹ ਅਜਿਹੇ ਹਿਰਦੇ ਹੋ ਜਾਣਗੇ ਜਿਹੜੇ ਪਰਮੇਸ਼ਰ ਦੇ ਸੁਭਾਓ ਨਾਲ ਅਤੇ ਮਸੀਹ ਦੇ ਵਿਚਾਰਾਂ, ਬੋਲੀ ਅਤੇ ਕੰਮਾਂ ਨਾਲ ਭਰੇ ਹੋਣਗੇ। ਉਹ ਸ਼ਕਤੀ, ਪ੍ਰੇਮ ਅਤੇ ਸ਼ਾਂਤੀ ਨਾਲ ਭਰੇ ਹਿਰਦੇ ਹੋਣਗੇ! ਪਰਮੇਸ਼ਰ ਸਾਡੀ ਮਦਦ ਕਰਦਾ ਹੈ ਕਿ ਅਸੀਂ ਉਸ ਦੇ ਵਚਨ ਦੀ ਵਰਤੋਂ ਕਰਕੇ ਦੂਜਿਆਂ ਨੂੰ ਸਿਖਾਈਏ ਕਿ ਉਹ ਆਪਣੇ ਨਵੇਂ ਆਤਮਕ ਜੀਵਨ ਦਾ ਅਰੰਭ ਕਿਵੇਂ ਕਰ ਸਕਦੇ ਹਨ, ਬਲ ਅਤੇ ਸ਼ਾਂਤੀ ਵਿੱਚ ਕਿਵੇਂ ਵਧ ਸਕਦੇ ਹਨ, ਬੁਰਿਆਈ ਤੋਂ ਕਿਵੇਂ ਬਚੇ ਰਹਿ ਸਕਦੇ ਹਨ, ਅਤੇ ਪਰਮੇਸ਼ਰ ਲਈ ਵਡਮੁੱਲਾ

ਫਲ ਕਿਵੇਂ ਲਿਆ ਸਕਦੇ ਹਨ। "ਪ੍ਰਭੂ ਤੁਹਾਡਿਆਂ ਮਨਾਂ ਨੂੰ ਪਰਮੇਸ਼ਰ ਦੇ ਪ੍ਰੇਮ ਅਤੇ ਮਸੀਹ ਦੇ ਸਬਰ ਦੇ ਰਾਹ ਪਾਈ ਰੱਖੇ" (3:5)। TP

---

ਟਿੱਪਣੀਆਂ

[1]ਵੇਖੋ ਏ. ਟੀ. ਰੋਬਰਟਸਨ, *ਦਿ ਅਪਿਸਲਸ ਆਫ ਪੌਲ*, ਜਿਲਦ 4, *ਵਰਡ ਪਿਕਚਰ ਇਨ ਦ ਨਿਊ ਟੈਸਟਾਮੈਂਟ* (ਨੈਸ਼ਵਿਲ: ਬ੍ਰੌਡਮੈਨ ਪ੍ਰੈਸ, 1931), 47. [2]ਰੇਮੰਡ ਸੀ. ਕੇਲਸੀ, *ਦ ਲੈਟਰਸ ਆਫ ਪੌਲ ਟੂ ਦ ਥੈੱਸਾਲੋਨਿਅਨਸ*, ਦ ਲਿਵਿੰਗ ਵਰਡ ਕਮੈਂਟ੍ਰੀ, ਜਿਲਦ 13 (ਔਸਟਿਨ, ਟੈਕਸਸ: ਆਰ. ਬੀ. ਸਵੀਟ ਕੰਪਨੀ, 1968), 150. [3]ਸੀ. ਐਫ. ਹੌੱਗ ਅਤੇ ਡਬਲਿਊ. ਈ. ਵਾਈਨ, *ਦਿ ਅਪਿਸਲਸ ਆਫ ਪੌਲ ਦਿ ਅਪੌਸਲ ਟੂ ਦ ਥੈੱਸਾਲੋਨਿਅਨਸ* (ਸ਼੍ਰੀਵਪੋਰਟ, ਲੁਈਜ਼ੀਐਨਾ: ਲੈਮਬਰਟ ਪਬਲਿਸ਼ਿੰਗ ਕੰਪਨੀ, 1977), 243. [4]"ਪੌਲੁਸ ਅਤੇ ਯਾਕੂਬ ਲਈ "ਆਣ ਪੁੱਜਿਆ ਹੈ" ਦਾ ਅਰਥ ਇੱਕ ਦਹਾਕੇ ਦੇ ਵਿੱਚ ਜਾਂ ਇੱਕ ਸਦੀ ਦੇ ਵਿੱਚ ਨਹੀਂ ਸੀ। ਉਨ੍ਹਾਂ ਦੇ ਕਹਿਣ ਦਾ ਭਾਵ ਸੀ ਕਿ ਪ੍ਰਭੂ ਦੀ ਵਾਪਸੀ ਤੋਂ ਪਹਿਲਾਂ ਆਖਰੀ ਸਮੇਂ (ਮਸੀਹੀ ਯੁੱਗ) ਦਾ ਅਰੰਭ ਹੋ ਚੁੱਕਾ ਹੈ। [5]ਬ੍ਰੂਸ ਐਮ. ਮੈਟਜ਼ਗਰ, *ਏ ਟੈਕਚੁਅਲ ਕਮੈਂਟ੍ਰੀ ਆਨ ਦ ਗ੍ਰੀਕ ਨਿਊ ਟੈਸਟਾਮੈਂਟ: ਏ ਕੰਪੈਨਿਅਨ ਵੌਲੁਯਮ ਟੂ ਦ ਯੁਨਾਇਟਡ ਬਾਈਬਲ ਸੋਸਾਇਟੀਜ਼ ਗ੍ਰੀਕ ਨਿਊ ਟੈਸਟਾਮੈਂਟ*, ਦੂਜਾ ਸੰਸਕਰਨ (ਨਿਊ ਯੋਰਕ: ਯੁਨਾਇਟਡ ਬਾਈਬਲ ਸੋਸਾਇਟੀਜ਼, 1994), 567. [6]ਐਫ. ਐਫ. ਬ੍ਰੂਸ, *1 ਐਂਡ 2 ਥੈੱਸਾਲੋਨਿਅਨਸ*, ਵਰਡ ਬਿਬਲਿਕਲ ਕਮੈਂਟ੍ਰੀ, ਜਿਲਦ 45 (ਵੇਕੋ, ਟੈਕਸਸ: ਵਰਡ ਬੁਕਸ, 1982), 168. [7]ਐਲਬਰਟ ਬਾਰਨੇਸ, *ਨੋਟਸ ਆਨ ਦ ਨਿਊ ਟੈਸਟਾਮੈਂਟ, ਐਕਸਪਲੇਨੇਟਰੀ ਐਂਡ ਪ੍ਰੈਕਟਿਕਲ: ਥੈੱਸਾਲੋਨਿਅਨਸ, ਤਿਮੋਥੀ, ਟਾਈਟਸ ਐਂਡ ਫਿਲੇਮੋਨ*, ਐਨਲਾਰਜਡ ਟਾਈਪ ਸੰਸਕਰਨ, ਸੰਪਾਦਨ ਰੋਬਰਟ ਫ੍ਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਉਸ, 1949), 80–96. [8]ਉਪਰੋਕਤ, 81. [9]ਰੋਬਰਟਸਨ, 51. [10]ਵੇਖੋ ਲਿਓਨ ਮੋਰਿਸ, *ਦਿ ਫਰਸਟ ਐਂਡ ਸੈਕਿੰਡ ਅਪਿਸਲ ਟੂ ਦ ਥੈੱਸਾਲੋਨਿਅਨਸ*, ਦ ਨਿਊ ਇੰਟਰਨੈਸ਼ਨਲ ਕਮੈਂਟ੍ਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1959), 228–29.

[11]ਵੇਖੋ ਹੌੱਗ ਅਤੇ ਵਾਈਨ, 258. [12]ਹੁਗੋ ਮੈੱਕੋਰਡ, *ਮੈੱਕੋਰਡਸ ਨਿਊ ਟ੍ਰਾਂਸਲੇਸ਼ਨ ਆਫ ਦ ਐਵਰਲਾਸਟਿੰਗ ਗਾਸਪਲ* (ਹੈਂਡਰਸਨ, ਟੇਨੇਸੀ: ਫ੍ਰੀਟ-ਹਾਰਡਮਨ ਯੂਨੀਵਰਸਿਟੀ, 1988)। [13]ਹੌੱਗ ਅਤੇ ਵਾਈਨ, 262. [14]ਹੈਨਰੀ ਐਲਫਰਡ, *ਦ ਗ੍ਰੀਕ ਟੈਸਟਾਮੈਂਟ*, ਸੋਧਿਆ ਐਵਰੈੱਟ ਐਫ. ਹੈਰੀਸਨ (ਸ਼ਿਕਾਗੋ: ਮੂਡੀ ਪ੍ਰੈਸ, 1958), 3:291. [15]ਮੋਰਿਸ, 231. [16]ਰੋਬਰਟਸਨ, 53. [17]ਕੇਲਸੀ, 156. [18]ਉਪਰੋਕਤ. [19]ਮੋਰਿਸ, 233. [20]ਰੋਬਰਟਸਨ, 53.

[21]ਹੌੱਗ ਅਤੇ ਵਾਈਨ, 267. [22]1 ਥੱਸਲੁਨੀਕੀਆਂ 1:4; 2:1, 9, 14, 17; 3:7; 4:1, 9, 10 (ਦੋ ਵਾਰ), 13; 5:1, 4, 12, 14, 25–27; 2 ਥੱਸਲੁਨੀਕੀਆਂ 2:1, 13, 15; 1:3; 3:1, 6, 13. [23]ਮੋਰਿਸ, 237–38. [24]*ਦ ਗ੍ਰੀਕ ਨਿਊ ਟੈਸਟਾਮੈਂਟ*, ਚੌਥਾ ਸੋਧਿਆ ਸੰਸਕਰਨ, ਸੰਪਾਦਨ ਬਾਰਬਰਾ ਐਲੇਂਡ, ਕਰਟ ਐਲੇਂਡ, ਜੋਹਾਨੇਸ ਕਾਰਾਵਿਡੋਪੋਲੋਸ, ਕਾਰਲੋ ਐਮ. ਮਾਰਟਿਨੀ ਅਤੇ ਬ੍ਰੂਸ ਐਮ. ਮੈਟਜ਼ਗਰ (ਸਟੱਟਗਰਟ: ਯੁਨਾਇਟਡ ਬਾਈਬਲ ਸੋਸਾਇਟੀਜ਼, 1998)। [25]ਹੌੱਗ ਅਤੇ ਵਾਈਨ, 273. [26]ਵਾਲਟਰ ਬਾਵਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ*, ਤੀਜਾ ਸੰਸਕਰਨ, ਸੋਧਿਆ ਅਤੇ ਸੰਪਾਦਨ, ਫ੍ਰੈਡਰਿਕ ਡਬਲਿਊ. ਡੈਂਕਰ (ਸ਼ਿਕਾਗੋ: ਯੂਨਿਵਰਸਿਟੀ ਆਫ ਸ਼ਿਕਾਗੋ ਪ੍ਰੈਸ, 2000), 763. [27]ਡੇਵਿਡ ਜੇ. ਵਿਲੀਅਮਸ, *1 ਐਂਡ 2 ਥੈੱਸਾਲੋਨਿਅਨਸ*, ਨਿਊ ਇੰਟਰਨੈਸ਼ਨਲ ਬਿਬਲਿਕਲ ਕਮੈਂਟ੍ਰੀ: ਨਿਊ ਟੈਸਟਾਮੈਂਟ ਸੀਰੀਜ਼, ਜਿਲਦ 12 (ਪੀਬੌਡੀ, ਮਾਸੇਚਿਯੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 1992), 136. [28]ਜੌਨ ਸਟੌਟ, *ਦ ਗੌਸਪਲ ਐਂਡ ਦਿ ਏਂਡ ਆਫ ਟਾਈਮ* (ਡਾਉਨਰਜ਼ ਗ੍ਰੋਵ, ਇਲਿਨੋਏ: ਇੰਟਰਵਰਸਿਟੀ ਪ੍ਰੈਸ, 1991), 180. [29]ਜੇ. ਡਬਲਿਊ. ਮੈਕਗਾਰਵੇ ਅਤੇ ਫਿਲਿਪ ਵਾਈ. ਪੈਂਡਲਟਨ, *ਥੈੱਸਾਲੋਨਿਅਨਸ, ਕੋਰਿੰਥਿਅੰਸ, ਗਲੇਸ਼ਿਅੰਸ ਐਂਡ ਰੋਮਨਸ*, ਦ ਸਟੈਂਡਰਡ ਬਾਈਬਲ ਕਮੈਂਟ੍ਰੀ (ਸਿਨਸਿਨਾਟੀ, ਓਹਾਯੋ: ਸਟੈਂਡਰਡ ਪਬਲਿਸ਼ਿੰਗ ਫਾਉਂਡੇਸ਼ਨ, 1916), 41. [30]ਉਪਰੋਕਤ, 41–43.

[31]ਡੇਵਿਡ ਲਿਪਸਕੌਂਬ, "ਕਮੇਂਟ੍ਰੀ ਆਨ ਦ ਸੈਕਿੰਡ ਅਪਿਸਲ ਟੂ ਦ ਥੈੱਸਾਲੋਨਿਅਨਸ," ਇਨ *ਏ ਕਮੇਂਟ੍ਰੀ ਆਨ ਦ ਨਿਊ ਟੈਸਟਾਮੇਂਟ ਅਪਿਸਲਜ਼*, ਸੰਪਾਦਨ ਜੇ. ਡਬਲਿਊ. ਸ਼ੈਫਰਡ (ਨੈਸ਼ਵਿਲ: ਗੌਸਪਲ ਐਡਵੋਕੇਟ ਕੰਪਨੀ, 1942), 5:95–96. [32]ਵੇਖੋ ਮੈਕਗਾਰਵੇ ਅਤੇ ਪੈਂਡਲਟਨ, 38–40. [33]ਮੇਰਿਲ ਸੀ. ਟੇਨੇਈ, *ਨਿਊ ਟੈਸਟਾਮੈਂਟ*

*ਟਾਈਮਸ* (ਪੀਬੌਡੀ, ਮਾਸੇਚਿਯੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 2001), 116. [34]ਜੌਨ ਵੈਦਰਲੀ, *2 ਥੈੱਸਾਲੋਨਿਅਨਸ,* ਦ ਕਾਲੇਜ ਪ੍ਰੈਸ NIV ਕਮੈਂਟ੍ਰੀ (ਜੌਪਲਿਨ, ਮਿਜ਼ੂਰੀ: ਕਾਲੇਜ ਪ੍ਰੈਸ ਪਬਲਿਸ਼ਿੰਗ ਕੰਪਨੀ, 1996), 252. [35]ਆਈਸਕ ਵਾਟਸ, "ਹਾਓ ਸ਼ੈੱਲ ਦ ਯੰਗ ਸਿਕਯੋਰ ਦੇਅਰ ਹਾਰਟਸ?," *ਸੌਂਗਸ ਆਫ ਫੇਥ ਐਂਡ ਪ੍ਰੇਜ਼,* ਰਚਨਾ ਅਤੇ ਸੰਪਾਦਨ ਐਲਟਨ ਐਚ. ਹਾਵਰਡ (ਵੈਸਟ ਮੋਨਰੋ, ਲੁਈਜ਼ੀਐਨਾ: ਹਾਵਰਡ ਪਬਲਿਸ਼ਿੰਗ ਕੰਪਨੀ, 1994)। [36]ਕੇਲਸੀ, 157. [37]ਹੌੱਗ ਅਤੇ ਵਾਈਨ, 273. [38]ਵੈਦਰਲੀ, 276. [39]ਫ੍ਰੇਮ, 285.